# ਮੇਰੀ ਦੁਨੀਆ

## (ਵਾਤਾਵਰਨ ਸਿੱਖਿਆ ਸ਼੍ਰੇਣੀ - 4)


ਸੰਪਾਦਨ : ਸ਼ਰੁਤੀ ਸ਼ੁਕਲਾ

ਲੇਖਨ : ਸ਼ਰੁਤੀ ਸ਼ੁਕਲਾ, ਡਿਪਟੀ ਡਾਇਰੈਕਟਰ (ਵਾਤਾਵਰਨ), ਪੰਜਾਬ ਸਕੂਲ ਸਿੱਖਿਆ ਬੋਰਡ
ਰਾਜਪਾਲ ਸਿੰਘ, ਲੈਕਚਰਾਰ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਹਰੀ ਨੌਂ, ਫਰੀਦਕੋਟ
ਗੁਰਵਿੰਦਰ ਸਿੰਘ, ਅਧਿਆਪਕ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਝੁੰਬਾ, ਬਠਿੰਡਾ
ਵਰਿੰਦਰ ਕੁਮਾਰ, ਅਧਿਆਪਕ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਮਚਾਕੀ ਮੱਲ ਸਿੰਘ, ਫਰੀਦਕੋਟ
ਨਿਰਮਲ ਸਿੰਘ, ਅਧਿਆਪਕ, ਸਰਕਾਰੀ ਪ੍ਰਾਇਮਰੀ ਸਕੂਲ, ਨੰਗਲ, ਫਰੀਦਕੋਟ

ਕਵਰ-ਡਿਜ਼ਾਇਨ : ਤਰਸੇਮ ਸਿੰਘ ਅਤੇ ਰਾਜਿੰਦਰ ਸਿੰਘ

ਫੋਟੋਗ੍ਰਾਫੀ : ਸ਼ਰੁਤੀ ਸ਼ੁਕਲਾ, ਵਰਿੰਦਰ ਕੁਮਾਰ, ਗੁਰਵਿੰਦਰ ਸਿੰਘ, ਨਿਰਮਲ ਸਿੰਘ,

ਸਹਿਯੋਗ : ਅਮਰਜੀਤ ਕੌਰ, ਕਮਲੇਸ਼ ਵਰਮਾ

ਸੰਯੋਜਕ : ਰਵਿੰਦਰ ਕੌਰ ਬਨਵੈਤ


ਸਰਵ ਸਿੱਖਿਆ ਅਭਿਆਨ

ਪੜ੍ਹੋ ਸਾਰੇ ਵਧੋ ਸਾਰੇ

ਸਿੱਖਿਆ ਅਤੇ ਭਲਾਈ ਵਿਭਾਗ, ਪੰਜਾਬ ਦਾ ਸਾਂਝਾ ਉਪਰਾਲਾ


ਪੰਜਾਬ ਸਕੂਲ ਸਿੱਖਿਆ ਬੋਰਡ

ਸਾਹਿਬਜ਼ਾਦਾ ਅਜੀਤ ਸਿੰਘ ਨਗਰ

© ਪੰਜਾਬ ਸਰਕਾਰ

**ਐਡੀਸ਼ਨ 2016 ................ 2,25,000 ਕਾਪੀਆਂ**

All rights, including those of translation, reproduction
and annotation etc., are reserved by the
Punjab Government

**ਚੇਤਾਵਨੀ**

1. ਕੋਈ ਵੀ ਏਜੰਸੀ-ਹੋਲਡਰ ਵਾਧੂ ਪੈਸੇ ਵਸੂਲਣ ਦੇ ਮੰਤਵ ਨਾਲ਼ ਪਾਠ-ਪੁਸਤਕਾਂ 'ਤੇ ਜਿਲਦਸਾਜ਼ੀ ਨਹੀਂ ਕਰ ਸਕਦਾ। (ਏਜੰਸੀ-ਹੋਲਡਰਾਂ ਨਾਲ਼ ਹੋਏ ਸਮਝੌਤੇ ਦੀ ਧਾਰਾ ਨੰ. 7 ਅਨੁਸਾਰ)
2. ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਛਪਵਾਈਆਂ ਅਤੇ ਪ੍ਰਕਾਸ਼ਿਤ ਪਾਠ-ਪੁਸਤਕਾਂ ਦੇ ਜਾਅਲੀ ਨਕਲੀ ਪ੍ਰਕਾਸ਼ਨਾਂ (ਪਾਠ-ਪੁਸਤਕਾਂ) ਦੀ ਛਪਾਈ, ਪ੍ਰਕਾਸ਼ਨ, ਸਟਾਕ ਕਰਨਾ, ਜਮ੍ਹਾਖ਼ੋਰੀ ਜਾਂ ਵਿਕਰੀ ਆਦਿ ਕਰਨਾ ਭਾਰਤੀ ਦੰਡ ਪ੍ਰਣਾਲੀ ਦੇ ਅੰਤਰਗਤ ਫ਼ੌਜਦਾਰੀ ਜੁਰਮ ਹੈ।
(ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਪਾਠ-ਪੁਸਤਕਾਂ ਬੋਰਡ ਦੇ 'ਵਾਟਰ ਮਾਰਕ' ਵਾਲ਼ੇ ਕਾਗਜ਼ ਉੱਪਰ ਹੀ ਛਪਵਾਈਆਂ ਜਾਂਦੀਆਂ ਹਨ।)

ਸਰਵ ਸਿੱਖਿਆ ਅਭਿਆਨ

ਪੜ੍ਹੋ ਸਾਰੇ ਵਧੋ ਸਾਰੇ

ਸਿੱਖਿਆ ਅਤੇ ਭਲਾਈ ਵਿਭਾਗ, ਪੰਜਾਬ ਦਾ ਸਾਂਝਾ ਉਪਰਾਲਾ

**ਇਹ ਪੁਸਤਕ ਵਿਕਰੀ ਲਈ ਨਹੀਂ ਹੈ।**

**ਸਕੱਤਰ,** ਪੰਜਾਬ ਸਕੂਲ ਸਿੱਖਿਆ ਬੋਰਡ, ਵਿੱਦਿਆ ਭਵਨ, ਫੇਜ਼-8 ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062 ਰਾਹੀਂ ਪ੍ਰਕਾਸ਼ਿਤ ਅਤੇ ਮੈਸ. ਸਿੰਡੀਕੇਟ ਪ੍ਰਿੰਟਰਜ਼, ਜਲੰਧਰ ਰਾਹੀਂ ਛਾਪੀ ਗਈ।

# ਮੁੱਖ-ਬੰਧ

ਪੰਜਾਬ ਸਕੂਲ ਸਿੱਖਿਆ ਬੋਰਡ ਸਕੂਲ ਪੱਧਰ ਤੇ ਪਾਠਕ੍ਰਮ ਬਣਾਉਣ ਅਤੇ ਰਾਜ ਅਤੇ ਰਾਸ਼ਟਰੀ ਪੱਧਰ ਤੇ ਬਦਲ ਰਹੀਆਂ ਵਿਦਿੱਅਕ ਜਰੂਰਤਾਂ ਦੇ ਅਨੁਸਾਰ ਪਾਠ ਪੁਸਤਕਾਂ ਤਿਆਰ ਕਰਨ ਲਈ ਲਗਾਤਾਰ ਯਤਨਸ਼ੀਲ ਰਿਹਾ ਹੈ।

ਲੇਖਕਾਂ ਵਲੋਂ ਇਹ ਪੂਰੀ ਕੋਸ਼ਿਸ਼ ਕੀਤੀ ਗਈ ਹੈ ਕਿ ਇਸ ਪੁਸਤਕ ਦੀ ਪੇਸ਼ਕਾਰੀ ਅਤੇ ਰੂਪ-ਰੇਖਾ ਚੌਥੀ ਸ਼੍ਰੇਣੀ ਦੇ ਵਿਦਿਆਰਥੀਆਂ ਦੇ ਮਾਨਸਿਕ ਪੱਧਰ ਮੁਤਾਬਿਕ ਹੀ ਹੋਵੇ। ਵਿਸ਼ਾ, ਵਿਸ਼ਾ-ਸਮਗੱਰੀ ਅਤੇ ਪੁਸਤਕ ਵਿੱਚ ਦਿੱਤੇ ਉਦਾਹਰਨ ਵਿਦਿਆਰਥੀਆਂ ਦੇ ਆਲੇ-ਦੁਆਲੇ ਦੇ ਵਾਤਾਵਰਨ ਅਤੇ ਉਸ ਨਾਲ ਸਬੰਧਿਤ ਪ੍ਰਸਥਿਤੀਆਂ ਦੇ ਅਨੁਸਾਰ ਹੀ ਤਿਆਰ ਕੀਤੇ ਗਏ ਹਨ। ਹਰੇਕ ਪਾਠ ਵਿੱਚ ਕਈ ਕ੍ਰਿਆਵਾਂ ਸੁਝਾਈਆਂ ਗਈਆਂ ਹਨ। ਸਥਾਨਕ ਸਾਧਨਾਂ ਅਤੇ ਵਿਦਿਆਰਥੀ ਜੀਵਨ ਦੇ ਅਸਲੀ ਹਾਲਤਾਂ ਅਨੁਸਾਰ ਇਹ ਕ੍ਰਿਆਵਾਂ ਬਦਲੀਆਂ ਜਾ ਸਕਦੀਆਂ ਹਨ।

ਹੱਥਲੀ ਪੁਸਤਕ ਦਾ ਪਾਟਕ੍ਰਮ ਚੌਥੀ ਸ਼੍ਰੇਣੀ ਦੇ ਵਿਦਿਆਰਥੀਆਂ ਲਈ ਵੱਖ-ਵੱਖ ਵਰਕਸ਼ਾਪਾਂ ਲਗਾ ਕੇ ਖੇਤਰੀ ਮਾਹਿਰਾਂ ਵੱਲੋਂ **N.C.F-2005** ਦੇ ਆਧਾਰ ਤੇ ਤਿਆਰ ਕੀਤਾ ਗਿਆ ਹੈ। ਇਸ ਪੁਸਤਕ ਦੀ ਵਿਸ਼ਾ-ਵਸਤੂ **PCF 2013** ਤੇ ਅਧਾਰਿਤ ਹੈ। ਕਿਰਿਆਵਾਂ ਅਤੇ ਚਿੱਤਰਾਂ ਦੀ ਸਹਾਇਤਾ ਨਾਲ ਇਸ ਪਾਠ-ਪੁਸਤਕ ਨੂੰ ਰੋਚਕ ਬਣਾਉਣ ਦਾ ਪੂਰਾ ਯਤਨ ਕੀਤਾ ਗਿਆ ਹੈ। ਇਹ ਪੁਸਤਕ ਬੋਰਡ ਦੇ ਵਾਤਾਵਰਨ ਸਿੱਖਿਆ ਵਿਸ਼ੇ ਦੇ ਮਾਹਿਰ ਅਤੇ ਆਫ ਸਟੱਡੀਜ਼ ਦੇ ਮੈਂਬਰਾਂ ਦੇ ਸਹਿਯੋਗ ਨਾਲ ਤਿਆਰ ਕੀਤੀ ਗਈ ਹੈ। ਅਸੀਂ ਇਹਨਾਂ ਸਾਰਿਆਂ ਦੇ ਧੰਨਵਾਦੀ ਹਾਂ।

ਆਸ ਹੈ ਕਿ ਇਹ ਪਾਠ-ਪੁਸਤਕ ਵਿਦਿਆਰਥੀਆਂ ਅਤੇ ਅਧਿਆਪਕਾਂ ਲਈ ਲਾਹੇਵੰਦ ਸਿੱਧ ਹੋਵੇਗੀ। ਪੁਸਤਕ ਨੂੰ ਹੋਰ ਚੰਗੇਰਾ ਬਣਾਉਣ ਲਈ ਖੇਤਰ ਵਿਚੋਂ ਆਏ ਸੁਝਾਵਾਂ ਨੂੰ ਬੋਰਡ ਆਦਰ ਸਹਿਤ ਸਵੀਕਾਰ ਕਰੇਗਾ।

**ਚੇਅਰਪਰਸਨ**
**ਪੰਜਾਬ ਸਕੂਲ ਸਿੱਖਿਆ ਬੋਰਡ**

# ਪਾਠ-ਪੁਸਤਕ ਬਾਰੇ

ਮੌਜੂਦਾ ਪੁਸਤਕ ਦਾ ਪਾਠਕ੍ਰਮ ਰਾਸ਼ਟਰੀ ਪਾਠਕ੍ਰਮ ਢਾਂਚਾ 2005 (N.C.F-2005) ਵਿੱਚ ਦਿੱਤੇ ਸੁਝਾਵਾਂ ਦਾ ਵਿਸ਼ਲੇਸ਼ਨ ਕਰਨ ਉਪਰੰਤ ਤਿਆਰ ਕੀਤਾ ਗਿਆ ਹੈ। ਇਸ ਦੀ ਤਿਆਰੀ ਲਈ ਖੇਤਰ ਵਿਚੋਂ ਅਧਿਆਪਕਾਂ ਅਤੇ ਵਿਸ਼ਾ ਮਾਹਿਰਾਂ ਦੀਆਂ ਕਈ ਵਰਕਸ਼ਾਪਾਂ ਲਗਾਈਆਂ ਗਈਆਂ। ਸਥਾਨਕ ਲੋੜਾਂ ਨੂੰ ਧਿਆਨ ਵਿਚ ਰੱਖਦੇ ਹੋਏ ਛੇ ਪ੍ਰਸੰਗਾਂ ਜਿਵੇਂ - 1. ਰਿਸ਼ਤੇ ਤੇ ਦੇਖਭਾਲ, 2. ਭੋਜਨ, 3. ਨਿਵਾਸ, 4. ਪਾਣੀ, 5. ਯਾਤਰਾ, 6. ਕਰੋ ਤੇ ਸਿਖੋ ਦਾ ਵਰਣਨ ਕੀਤਾ ਗਿਆ ਹੈ, ਜਿਨ੍ਹਾਂ ਦਾ ਵਿਦਿਆਰਥੀ ਜੀਵਨ ਨਾਲ ਨੇੜੇ ਦਾ ਸਬੰਧ ਹੈ। ਇਸ ਪੁਸਤਕ ਦੀ ਵਿਸ਼ਾ-ਵਸਤੂ PCF-2013 ਤੇ ਅਧਾਰਿਤ ਹੈ।

ਬੱਚੇ ਲਈ ਵਾਤਾਵਰਨ ਉਸਦਾ ਸ਼ਰੀਰ, ਪਰਿਵਾਰ, ਘਰ ਅਤੇ ਉਸਦਾ ਆਲਾ-ਦੁਆਲਾ ਹੈ। ਸਭ ਤੋਂ ਪਹਿਲਾਂ ਬੱਚਾ ਆਪਣੇ ਆਲੇ-ਦੁਆਲੇ ਦੇ ਸੰਪਰਕ ਵਿੱਚ ਆਉਂਦਾ ਹੈ ਜਿਹੜਾ ਉਸ ਲਈ ਮੂਲ ਸਿੱਖਣ-ਸ੍ਰੋਤ ਬਣਦਾ ਹੈ। ਬੱਚੇ ਦੇ ਆਲੇ-ਦੁਆਲੇ ਵਿੱਤ ਕੁਦਰਤੀ, ਸਮਾਜਿਕ ਤੇ ਸੱਭਿਆਚਾਰਕ ਦੁਨੀਆ ਸ਼ਾਮਲ ਹੈ ਜੋ ਕਲਾ, ਲੋਕਧਾਰਾ, ਸੰਗੀਤ, ਨ੍ਰਿਤ ਅਤੇ ਭਾਸ਼ਾ ਨੂੰ ਦਰਸਾਉਂਦਾ ਹੈ। ਬੱਚਾ ਹੌਲੀ-ਹੌਲੀ ਗਰਮੀ, ਠੰਢ, ਵਰਖਾ ਬਾਰੇ ਅਨੁਭਵ ਕਰਨ ਲਗਦਾ ਹੈ ਅਤੇ ਜੰਤੂਆਂ ਅਤੇ ਪੌਦਿਆਂ ਨੂੰ ਵੇਖਦਾ ਹੈ। ਬੱਚਾ ਇਸ ਸਭ ਨੂੰ ਆਪਣੀ ਦੁਨੀਆ ਸਮਝਦਾ ਹੈ ਇਸ ਲਈ ਮੌਜੂਦਾ ਪੁਸਤਕ ਦਾ ਨਾਂ "ਮੇਰੀ ਦੁਨੀਆ" ਰਖਿੱਆ ਗਿਆ ਹੈ।

ਪੁਸਤਕ ਦੀ ਤਿਆਰੀ ਲਈ ਅਗਾਂਹਵਧੂ ਪਹੁੰਚ ਅਪਣਾਈ ਗਈ ਹੈ। ਵਿਸ਼ਾ-ਵਸਤੂ ਨੂੰ ਰੋਚਕ ਬਣਾਉਣ ਲਈ ਪਾਠ ਕਹਾਣੀ, ਵਾਰਤਾਲਾਪ, ਕਵਿਤਾ ਦੇ ਰੂਪ ਵਿੱਚ ਲਿਖੇ ਗਏ ਹਨ। ਅਜਿਹਾ ਕਰਨ ਨਾਲ ਵਿਦਿਆਰਥੀਆਂ ਤੇ ਪੜ੍ਹਾਈ ਦਾ ਬੋਝ ਅਤੇ ਤਣਾਉ ਘਟੇਗਾ। ਇਹ ਪੁਸਤਕ ਵਿਦਿਆਰਥੀਆਂ ਨੂੰ ਹੇਠ ਲਿਖੇ ਖੇਤਰਾਂ ਵਿਚ ਸਹਾਈ ਹੋਵੇਗੀ:-

- ➢ ਉਨ੍ਹਾਂ ਦੇ ਆਸ ਪਾਸ ਦੀਆਂ ਕੁਝ ਆਮ ਵਸਤੂਆਂ, ਪੌਦਿਆਂ ਅਤੇ ਜੰਤੂਆਂ ਦੀ ਪਹਿਚਾਣ ਕਰਨ ਲਈ
- ➢ ਅਵਲੋਕਨ, ਵਰਣਨ ਕਰਨ, ਸਵੈ-ਪ੍ਰਗਟਾਵਾ ਵਰਗੀਆਂ ਕੁਸ਼ਲਤਾਵਾਂ ਗ੍ਰਹਿਣ ਕਰਨ ਵਿੱਚ।
- ➢ ਪੌਦਿਆਂ, ਜੰਤੂਆਂ, ਬਿਮਾਰ ਵਿਅਕਤੀਆਂ, ਬਜ਼ੁਰਗਾਂ ਅਤੇ ਚੁਣੌਤੀ ਵਾਲੇ ਲੋਕਾਂ ਪ੍ਰਤੀ ਪਿਆਰ ਦਾ ਪ੍ਰਗਟਾਵਾ ਕਰਨ ਲਈ।

ਮੌਜੂਦਾ ਪੁਸਤਕ ਪ੍ਰਯੋਗਾਂ ਅਤੇ ਕਿਰਿਆਵਾਂ 'ਤੇ ਅਧਾਰਿਤ ਹੈ ਜੋ ਬੱਚਿਆਂ ਵਿੱਚ ਉਤਸੁਕਤਾ, ਰਚਨਾਤਮਕਤਾ, ਯੋਗਤਾ ਅਤੇ ਹਮਦਰਦੀ ਪੈਦਾ ਕਰਨ ਵਿੱਚ ਉਤਪ੍ਰੇਰਕ ਦਾ ਕੰਮ ਕਰੇਗੀ। ਇਹ ਪੁਸਤਕ, ਪਹੇਲੀਆਂ, ਪ੍ਰੋਜੈਕਟ, ਸਮੂਹਿਕ ਚਰਚਾ, ਵਿਦਿਅਕ-ਟੂਰ ਅਤੇ ਖੇਤਰੀ ਅਨੁਭਵ ਵਰਗੀਆਂ ਵਿਦਿੱਅਕ ਗਤੀਵਿਧੀਆ ਦਾ ਸੁਮੇਲ ਹੈ।

ਇਹ ਪੁਸਤਕ ਵਿਦਿਆਰਥੀ-ਕੇਂਦਰਿਤ ਹੈ ਅਤੇ ਇਹ ਰਸਮੀ ਤੇ ਗੈਰ-ਰਸਮੀ ਗਿਆਨ ਲਈ ਸ੍ਰੋਤ ਵੱਜੋਂ ਕੰਮ ਕਰੇਗੀ। ਵਿਦਿਆਰਥੀ ਆਪਣੇ ਖੇਤਰੀ ਗਿਆਨ ਨੂੰ ਆਪਣੇ ਸਕੂਲੀ ਗਿਆਨ ਨਾਲ ਜੋੜਨ ਲਈ ਉਤਸ਼ਾਹਿਤ ਹੋਣਗੇ। ਪੁਸਤਕ ਵਿਚਲੀਆਂ ਕਿਰਿਆਵਾਂ ਇਸ ਪ੍ਰਕਾਰ ਤਿਆਰ ਕੀਤੀਆਂ ਗਈਆਂ ਹਨ ਜਿਸ ਵਿਚ ਮਾਪੇ ਤੇ ਅਧਿਆਪਕ ਆਪਣਾ ਯੋਗਦਾਨ ਪਾ ਸਕਣ। ਨੈਤਿਕ ਤੇ ਸਮਾਜਿਕ ਕਦਰਾਂ ਕੀਮਤਾਂ ਵਿਦਿਆਰਥੀਆਂ ਅੰਦਰ ਭਰਨ ਦੀ ਕੋਸ਼ਿਸ਼ ਕੀਤੀ ਗਈ ਹੈ।

ਅਸੀਂ ਉਮੀਦ ਕਰਦੇ ਹਾਂ ਕਿ ਇਹ ਪੁਸਤਕ ਵਿਦਿਆਰਥੀਆਂ ਨੂੰ ਆਪਣੇ ਗਿਆਨ ਵਿੱਚ ਵਾਧਾ ਕਰਨ ਤੇ ਆਪਣੇ ਅਨੁਭਵ ਨੂੰ ਵਧਾਉਣ ਵਿੱਚ ਸਹਾਈ ਹੋਵੇਗੀ। ਖੇਤਰ ਵਿਚੋਂ ਆਏ ਸੁਝਾਵਾਂ ਅਤੇ ਆਲੋਚਨਾਵਾਂ ਦਾ ਬੋਰਡ ਵਲੋਂ ਸੁਆਗਤ ਕੀਤਾ ਜਾਵੇਗਾ।

**ਸੰਯੋਜਕ**
ਸੰਪਾਦਕ

# ਵਿਸ਼ਾ ਸੂਚੀ


ਮੁੱਖ-ਬੰਧ
ਪਾਠ-ਪੁਸਤਕ ਬਾਰੇ


## ਯੂਨਿਟ 1


| | ਪੰਨਾ ਨੰ |
|---|---|
| 1. ਬੇਟੀ ਆਈ ਖ਼ੁਸ਼ੀ ਲਿਆਈ | 01 |
| 2. ਪਾਰਕ ਦੀ ਸੈਰ | 04 |
| 3. ਆਓ ਖੇਡੀਏ | 08 |
| 4. ਰੱਜੂ ਦਾ ਕੋਟ | 14 |
| 5. ਜੰਤੂਆਂ ਦੀ ਦੁਨੀਆ | 19 |
| 6. ਗਿੰਨੀ ਅਤੇ ਮਿੰਨੀ | 22 |
| 7. ਰਾਜਾ ਅਤੇ ਰੁੱਖ | 26 |
| 8. ਰੰਗ ਬਿਰੰਗੇ ਫੁੱਲ | 31 |
| 9. ਨਿੰਮ ਰਾਣੀ | 39 |


## ਯੂਨਿਟ 2


| | ਪੰਨਾ ਨੰ |
|---|---|
| 10. ਖੇਤ ਤੋਂ ਘਰ ਤੱਕ | 42 |
| 11. ਮਿਲ ਜੁਲ ਬੈਠੀਏ, ਰਲ ਮਿਲ ਖਾਈਏ | 51 |
| 12. ਚੁੰਝ ਅਤੇ ਦੰਦ | 54 |

## ਯੂਨਿਟ 3


| | ਪੰਨਾ ਨੰ |
|---|---|
| 13. ਘਰ-ਅੱਜ ਅਤੇ ਕੱਲ੍ਹ | 60 |
| 14. ਕੂੜਾ ਕਰਕਟ ਪ੍ਰਬੰਧਨ | 66 |
| 15. ਕੋਇਲ ਅਤੇ ਕਾਂ | 72 |
| 16. ਕਿਸ ਦਿਸ਼ਾ 'ਚੋਂ ਆਏ ਸੂਰਜ | 76 |


## ਯੂਨਿਟ 4


| | ਪੰਨਾ ਨੰ |
|---|---|
| 17. ਕਿੱਥੋਂ ਆਇਆ ਕਿੱਥੇ ਗਿਆ ਪਾਣੀ | 80 |
| 18. ਪਾਣੀ ਦੀ ਕਹਾਣੀ | 85 |


## ਯੂਨਿਟ 5


| | ਪੰਨਾ ਨੰ |
|---|---|
| 19. ਛੁੱਕ-ਛੁੱਕ ਰੇਲ | 91 |
| 20. ਜਾਣੋ ਆਪਣੀ ਕਰੰਸੀ (ਮੁੱਦਰਾ) ਨੂੰ | 97 |


## ਯੂਨਿਟ 6


| | ਪੰਨਾ ਨੰ |
|---|---|
| 21. ਚਾਚੇ ਦਾ ਘਰ | 101 |

ਪਾਠ 1

# ਬੇਟੀ ਆਈ ਖ਼ੁਸ਼ੀ ਲਿਆਈ

ਦੀਪੂ ਦੇ ਘਰ ਕੁਝ ਦਿਨ ਪਹਿਲਾਂ, ਉਸਦੀ ਭੈਣ ਨੇ ਜਨਮ ਲਿਆ। ਅੱਜ ਉਸ ਦਾ ਨਾਮਕਰਣ ਹੈ ਜਿਸ ਕਰਕੇ ਉਸਦੀ ਭੂਆ ਅਤੇ ਹੋਰ ਰਿਸ਼ਤੇਦਾਰ ਆਏ ਹੋਏ ਹਨ। ਨਵਜਨਮੀ ਬੱਚੀ ਦਾ ਨਾਮ ਅਨੂ ਰੱਖਿਆ ਗਿਆ। ਦੀਪੂ ਨੇ ਜਦ ਘਰ ਵਿੱਚ ਭੂਆ ਨੂੰ ਦੇਖਿਆ ਤਾਂ ਉਹ ਬਹੁਤ ਖ਼ੁਸ਼ ਹੋਇਆ। ਆਪਣੇ ਵਿਆਹ ਤੋਂ ਪਹਿਲਾਂ ਜਦ ਭੂਆ ਦੀਪੂ ਹੋਰਾਂ ਦੇ ਪਰਿਵਾਰ ਵਿੱਚ ਸੀ ਤਾਂ ਉਹ ਦੀਪੂ ਦੀ ਬਹੁਤ ਸੰਭਾਲ ਕਰਦੀ ਸੀ। ਇਸ ਲਈ ਦੀਪੂ ਦਾ ਆਪਣੀ ਭੂਆ ਨਾਲ ਬਹੁਤ ਪਿਆਰ ਸੀ। ਦੀਪੂ ਦੀ ਮੰਮੀ ਉਸ ਦੀ ਭੂਆ ਨੂੰ ਕਹਿਣ ਲੱਗੀ, "ਭੈਣ ਜੀ, ਤੁਹਾਡੇ ਆਉਣ ਨਾਲ ਦੀਪੂ ਬਹੁਤ ਖ਼ੁਸ਼ ਹੋ ਗਿਆ ਹੈ। ਉਹ ਤੁਹਾਨੂੰ ਬਹੁਤ ਯਾਦ ਕਰਦਾ ਸੀ।"

ਭੂਆ – ਮੈਨੂੰ ਵੀ ਇੱਥੋਂ ਦੀ ਬਹੁਤ ਯਾਦ ਆਉਂਦੀ ਹੈ। ਇਥੇ ਆਪਣਾ ਬਹੁਤ ਵੱਡਾ ਪਰਿਵਾਰ ਹੈ। ਤੁਸੀਂ ਹੋ, ਵੱਡੇ ਵੀਰ ਜੀ ਦਾ ਪਰਿਵਾਰ ਹੈ, ਮਾਤਾ ਜੀ ਹਨ, ਬੱਚੇ ਹਨ। ਉੱਥੇ ਸ਼ਹਿਰ ਵਿੱਚ ਤਾਂ ਪਹਿਲਾਂ ਮੈਂ ਅਤੇ ਦੀਪੂ ਦੇ ਫੁੱਫੜ ਜੀ ਦੋਨੋਂ ਹੀ ਸਾਂ। ਇਨ੍ਹਾਂ ਦੀ ਨੌਕਰੀ ਕਾਰਣ ਅਸੀਂ ਸਾਂਝੇ ਪਰਿਵਾਰ ਨਾਲ ਪਿੰਡ ਵਿੱਚ ਨਹੀਂ ਰਹਿ ਸਕਦੇ ਸੀ। ਫਿਰ ਤੁਹਾਨੂੰ ਪਤਾ ਹੀ ਹੈ ਸਾਡੇ ਬੱਚਾ ਨਹੀਂ ਹੋਇਆ। ਹੁਣ ਜਦ ਦਾ ਅਸੀਂ ਸੋਨੂੰ ਨੂੰ ਗੋਦ ਲਿਆ ਹੈ ਸਾਡੇ ਦਿਨ ਬੜੇ ਚੰਗੇ ਲੰਘ ਰਹੇ ਹਨ।

ਮੰਮੀ – ਪਹਿਲਾਂ ਤਾਂ ਸਾਰੇ ਹੀ ਸਾਂਝੇ ਪਰਿਵਾਰ ਹੁੰਦੇ ਸਨ। ਵੱਡੇ ਪਰਿਵਾਰਾਂ ਵਿੱਚ ਬੱਚੇ ਪਾਲਣੇ ਬਹੁਤ ਸੌਖੇ ਹੁੰਦੇ ਸਨ ਨਾਲੇ ਸਭ ਦਾ ਦਿਲ ਲੱਗਿਆ ਰਹਿੰਦਾ ਸੀ। ਵੱਡੇ ਬਜ਼ੁਰਗਾਂ ਦਾ ਰੋਅਬ ਹੁੰਦਾ ਸੀ ਜਿਸ ਨਾਲ ਬੱਚੇ ਵਿਗੜਦੇ ਨਹੀਂ ਸਨ। ਪਰ ਹੁਣ ਤਾਂ ਸਾਰੇ ਹੀ ਵਿਆਹ ਬਾਅਦ ਅੱਡ ਰਹਿਣ ਲੱਗ ਜਾਂਦੇ ਹਨ।

ਭੂਆ – ਮੈਂ ਤਾਂ ਸਾਂਝੇ ਪਰਿਵਾਰ ਵਿੱਚ ਹੀ ਰਹਿਣਾ ਚਾਹੁੰਦੀ ਸੀ ਪਰ ਇਨ੍ਹਾਂ ਦੀ ਨੌਕਰੀ ਦੀ ਮਜ਼ਬੂਰੀ ਸੀ। ਕਿੱਥੇ ਆਪਣਾ ਐਨਾ ਵੱਡਾ ਪਰਿਵਾਰ ਅਤੇ ਕਿੱਥੇ ਸਿਰਫ ਤਿੰਨ ਜੀਆਂ ਨੇ ਹੀ ਰਹਿਣਾ।

ਮੰਮੀ – ਖੈਰ ਤੁਸੀਂ ਸੋਨੂੰ ਨੂੰ ਗੋਦ ਲੈ ਕੇ ਬਹੁਤ ਚੰਗਾ ਕੰਮ ਕੀਤਾ। ਕਿੰਨਾ ਸੋਹਣਾ ਬੱਚਾ ਹੈ।

ਭੂਆ – ਹਾਂ, ਅਸੀਂ ਹੁਣ ਬਹੁਤ ਖ਼ੁਸ਼ ਰਹਿੰਦੇ ਹਾਂ। ਇਹ ਹੋਰ ਬੱਚਿਆਂ ਵਾਂਗ ਤੰਗ ਨਹੀਂ ਕਰਦਾ। ਸਾਨੂੰ ਤਾਂ ਇਸਦਾ ਬਹੁਤ ਹੀ ਮੋਹ ਆਉਂਦਾ ਹੈ। ਕਦੇ ਇਹ ਖ਼ਿਆਲ ਹੀ ਨਹੀਂ ਆਇਆ ਕਿ ਮੈਂ ਇਸਨੂੰ ਜਨਮ ਨਹੀਂ ਦਿੱਤਾ।

ਏਨੇ ਨੂੰ ਦੀਪੂ ਦੀ ਤਾਈ ਅਤੇ ਉਸਦੀ ਲੜਕੀ ਸੁਮਨ ਵੀ ਆ ਗਈਆਂ। ਸੁਮਨ ਆ ਕੇ ਅਨੂ ਨੂੰ ਛੇੜਣ ਲੱਗੀ ਜਿਸ ਨਾਲ ਅਨੂ ਰੋਣ ਲੱਗ ਪਈ। ਦੀਪੂ ਦੀ ਮੰਮੀ ਨੇ ਉਸਨੂੰ ਚੁੱਕ ਲਿਆ ਅਤੇ ਦੁੱਧ ਚੁੰਘਾਉਣ ਲੱਗੀ।

ਪ੍ਰਸ਼ਨ 1. ਕੀ ਪਿਛਲੇ ਕੁਝ ਸਮੇਂ ਦੌਰਾਨ ਤੁਹਾਡੇ ਘਰ ਕੋਈ ਵਿਆਹ ਹੋਇਆ ਹੈ ? ਜੇ ਹੋਇਆ ਹੈ ਤਾਂ ਕਿਸਦਾ ਵਿਆਹ ਹੋਇਆ ਹੈ ?

ਪ੍ਰਸ਼ਨ 2. ਵਿਆਹ ਨਾਲ ਤੁਹਾਡੇ ਪਰਿਵਾਰ ਦੇ ਮੈਬਰਾਂ ਦੀ ਸੰਖਿਆ ਵਧੀ ਹੈ ਜਾਂ ਘਟੀ ਹੈ ?

ਪ੍ਰਸ਼ਨ 3. ਕੀ ਤੁਹਾਡੇ ਪਰਿਵਾਰ ਵਿੱਚ ਕਿਸੇ ਬੱਚੇ ਨੇ ਜਨਮ ਲਿਆ ਹੈ ?

ਪ੍ਰਸ਼ਨ 4. ਹੁਣ ਤੁਹਾਡੇ ਪਰਿਵਾਰ ਦੇ ਕਿੰਨੇ ਮੈਂਬਰ ਹਨ ?

ਕਿਰਿਆ 1 : ਤੁਸੀਂ ਆਪਣੇ ਪਰਿਵਾਰ ਦੇ ਮੌਜੂਦਾ ਮੈਂਬਰਾਂ ਦਾ ਪਰਿਵਾਰਕ ਖਾਕਾ ਬਣਾਓ।

ਅਨੂ ਦੁੱਧ ਚੁੰਘਦੇ ਸਾਰ ਹੀ ਚੁੱਪ ਹੋ ਗਈ ਅਤੇ ਦੀਪੂ ਦੀ ਮੰਮੀ ਉਸਦੀ ਭੂਆ ਅਤੇ ਤਾਈ ਜੀ ਨਾਲ ਗੱਲਾਂ ਕਰਨ ਲੱਗੀ। ਦੀਪੂ ਦੀ ਭੂਆ ਨੇ ਉਸਦੀ ਮੰਮੀ ਨੂੰ ਦੱਸਿਆ ਕਿ ਉਸਦੇ ਸਹੁਰੇ ਘਰ ਰਸੋਈ ਬਹੁਤ ਵਧੀਆ ਬਣੀ ਹੋਈ ਹੈ ਪਰ ਇਥੇ ਤਾਂ ਅਜੇ ਧੂੰਆਂ ਬਾਹਰ ਕੱਢਣ ਵਾਲਾ ਪੱਖਾ ਵੀ ਨਹੀਂ ਲਗਵਾਇਆ। ਦੀਪੂ ਦੀ ਮੰਮੀ ਅੱਗੋਂ ਕਹਿਣ ਲੱਗੀ ਕਿ ਉਸਨੇ ਤਾਂ ਬਹੁਤ ਵਾਰ ਕਿਹਾ ਹੈ ਪਰ ਦੀਪੂ ਦੇ ਪਾਪਾ ਮੰਨਦੇ ਨਹੀਂ। ਉਹ ਸਾਰਾ ਖਰਚ ਆਪਣੀ ਮਰਜ਼ੀ ਨਾਲ ਹੀ ਕਰਦੇ ਹਨ। ਭੂਆ ਕਹਿਣ ਲੱਗੀ, "ਵੀਰ ਜੀ ਦੀ ਇਹ ਗੱਲ ਠੀਕ ਨਹੀਂ, ਸਭ ਦੀ ਸਲਾਹ ਨਾਲ ਹੀ ਘਰ ਚਲਾਉਣਾ ਚਾਹੀਦਾ ਹੈ। ਜੇ ਉਹ ਦਫਤਰ ਜਾਂਦੇ ਹਨ ਤਾਂ ਤੁਸੀਂ ਕਿਹੜਾ ਵਿਹਲੇ ਬੈਠੇ ਰਹਿੰਦੇ ਹੋ ? ਤੁਸੀਂ ਸਾਰਾ ਦਿਨ ਘਰ ਦੇ ਕੰਮ ਕਰਦੇ ਹੋ। ਮੈਂ ਤਾਂ ਕਹਿੰਦੀ ਹਾਂ ਕਿ ਤੁਸੀਂ ਸਿਲਾਈ ਮਸ਼ੀਨ ਲੈ ਆਓ, ਕੱਪੜੇ ਸਿਓਣ ਤਾਂ ਤੁਸੀਂ ਜਾਣਦੇ ਹੀ ਹੋ। ਤੁਹਾਡੇ ਕੋਲ ਕੁਝ ਪੈਸੇ ਆਉਣਗੇ ਤਾਂ ਤੁਸੀਂ ਆਪਣੀ ਲੋੜ ਦੀ ਚੀਜ਼ ਲੈ ਸਕੋਗੇ।"

ਦੀਪੂ ਦੀ ਮੰਮੀ ਕਹਿਣ ਲੱਗੀ, "ਭੈਣ ਜੀ ਗੱਲ ਤਾਂ ਤੁਹਾਡੀ ਠੀਕ ਹੈ। ਮੈਂ ਵੀ ਇਹੀ ਸੋਚਦੀ ਹਾਂ ਪਰ ਅਜੇ ਅਨੂ ਨਿੱਕੀ ਹੈ ਇਸ ਲਈ ਹੋਰ ਕੰਮਾਂ ਵਾਸਤੇ ਸਮਾਂ ਨਹੀਂ ਬਚਦਾ, ਥੋੜ੍ਹੀ ਵੱਡੀ ਹੋ ਜਾਵੇ ਤਾਂ ਇਸੇ ਤਰ੍ਹਾਂ ਕਰਾਂਗੇ।"

ਪ੍ਰਸ਼ਨ 5. ਤੁਹਾਡੇ ਘਰ ਕੌਣ ਕਮਾ ਕੇ ਲਿਆਉਂਦਾ ਹੈ ?

ਪ੍ਰਸ਼ਨ 6. ਤੁਸੀਂ ਕੋਈ ਨਵੀਂ ਚੀਜ ਲੈਣੀ ਹੋਵੇ ਤਾਂ ਪੈਸੇ ਕਿਸ ਤੋਂ ਮੰਗਦੇ ਹੋ ?

ਕੁਝ ਦੇਰ ਬਾਅਦ ਦੀਪੂ ਦੇ ਘਰ ਉਸਦਾ ਦੋਸਤ ਹੈਪੀ ਆ ਗਿਆ। ਦੀਪੂ ਅਤੇ ਹੈਪੀ ਇਕੱਠਿਆਂ ਰੋਟੀ ਖਾਣ ਲੱਗੇ। **ਦੀਪੂ ਦੀ ਦਾਦੀ ਇਹ ਵੇਖ ਕੇ ਨਾਰਾਜ਼ ਹੋ ਰਹੀ ਸੀ।** ਦੀਪੂ ਦੀ ਮੰਮੀ ਕਹਿਣ ਲੱਗੀ, "ਮਾਂ ਜੀ ਤੁਸੀਂ ਕਿਉਂ ਦੁਖੀ ਹੋ ਰਹੇ ਹੋ ? ਦੀਪੂ ਦਾ ਇਹ ਦੋਸਤ ਬਹੁਤ ਚੰਗਾ ਲੜਕਾ ਹੈ, ਉਹ ਪੜ੍ਹਾਈ ਵਿੱਚ ਬਹੁਤ ਹੁਸ਼ਿਆਰ ਹੈ। ਮੈਂ ਤਾਂ ਸਗੋਂ ਕਹਿੰਦੀ ਹਾਂ ਕਿ ਦੀਪੂ ਇਸੇ ਲੜਕੇ ਨਾਲ ਰਹੇ ਤਾਂ ਇਹ ਵੀ ਸਿਆਣਾ ਬੱਚਾ ਬਣਿਆ ਰਹੇਗਾ।"

ਦਾਦੀ – ਪਰ ਮੈਨੂੰ ਪਤਾ ਲੱਗਾ ਹੈ ਕਿ ਇਹ ਹੋਰ ਜਾਤ ਦਾ ਲੜਕਾ ਹੈ। ਇਸ ਨਾਲ ਇੱਕਠੇ ਖਾਣਾ ਤਾਂ ਮੈਨੂੰ ਬਹੁਤ ਹੀ ਬੁਰਾ ਲੱਗਦਾ ਹੈ। ਸਾਡੇ ਵੇਲੇ ਤਾਂ ਇਉਂ ਖਾਣ-ਪੀਣ ਨਹੀਂ ਹੁੰਦਾ ਸੀ।

ਮੰਮੀ – ਮਾਤਾ ਜੀ, ਹੁਣ ਜ਼ਮਾਨਾ ਬਦਲ ਗਿਆ ਹੈ। ਇਸਦੇ ਦੋਸਤ ਅੱਛੇ ਮੁੰਡੇ ਹੋਣੇ ਚਾਹੀਦੇ ਹਨ ਚਾਹੇ ਉਹ ਕਿਸੇ ਵੀ ਧਰਮ ਜਾਂ ਜਾਤ ਦੇ ਹੋਣ। ਇਸ ਗੱਲ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਕੋਈ ਕਿਸ ਧਰਮ ਜਾਂ ਜਾਤ ਵਿੱਚ ਜਨਮਿਆ ਹੈ।

ਪ੍ਰਸ਼ਨ 7. ਤੁਹਾਡਾ ਸਭ ਤੋਂ ਚੰਗਾ ਦੋਸਤ ਕੌਣ ਹੈ ?

ਪ੍ਰਸ਼ਨ 8. ਕੀ ਤੁਸੀਂ ਆਪਣੇ ਦੋਸਤਾਂ ਨੂੰ ਘਰ ਲੈ ਕੇ ਜਾਂਦੇ ਹੋ ?

ਪ੍ਰਸ਼ਨ 9. ਤੁਹਾਡੇ ਮਾਤਾ ਪਿਤਾ ਤੁਹਾਡੇ ਕਿਸ ਦੋਸਤ ਨੂੰ ਸਭ ਤੋਂ ਵੱਧ ਪਸੰਦ ਕਰਦੇ ਹਨ ?

# ਪਾਰਕ ਦੀ ਸੈਰ

ਕਿਰਨ ਅੱਜ ਬਹੁਤ ਖ਼ੁਸ਼ ਸੀ ਕਿਉਂਕਿ ਉਹ ਜਮਾਤ ਵਿੱਚ ਪਹਿਲੇ ਸਥਾਨ 'ਤੇ ਰਹੀ ਸੀ। ਘਰ ਆ ਕੇ ਉਸਨੇ ਬਸਤਾ ਰੱਖਿਆ ਅਤੇ ਫਟਾਫਟ ਆਪਣੇ ਪਿਤਾ ਪਾਸ ਇਹ ਗੱਲ ਦੱਸਣ ਲਈ ਗਈ। ਪਿਤਾ ਜੀ ਬਹੁਤ ਖ਼ੁਸ਼ ਹੋਏ। ਉਨ੍ਹਾਂ ਕਿਰਨ ਨੂੰ ਸ਼ਾਬਾਸ਼ ਦਿੰਦੇ ਹੋਏ ਉਸਦਾ ਮੋਢਾ ਥਪਥਪਾਇਆ। ਕਿਰਨ ਨੂੰ ਇਹ ਬਹੁਤ ਚੰਗਾ ਲੱਗਿਆ। ਕਿਰਨ ਦੇ ਪਿਤਾ ਨੇ ਉਸਦੀ ਮੰਮੀ ਨੂੰ ਆਵਾਜ਼ ਦਿੱਤੀ, "ਆਹ ਦੇਖ ਆਪਣੀ ਬੇਟੀ ਜਮਾਤ ਵਿੱਚ ਫਸਟ ਆਈ ਹੈ।"


*ਚਿੱਤਰ 2.1 ਪਿਤਾ ਆਪਣੀ ਬੇਟੀ ਨੂੰ ਸ਼ਾਬਾਸ਼ ਦਿੰਦੇ ਹੋਏ*

ਕਿਰਨ ਕੱਲ ਸ਼ਰਾਰਤਾਂ ਕਰਨ ਤੋਂ ਹਟ ਨਹੀਂ ਰਹੀ ਸੀ, ਇਸ ਤਰ੍ਹਾਂ ਕਰਦਿਆਂ ਜਦ ਉਸਨੇ ਆਪਣੇ ਕੱਪੜਿਆਂ ਉੱਤੇ ਚਾਹ ਡੋਲ੍ਹ ਲਈ ਤਾਂ ਉਸਦੀ ਮੰਮੀ ਨੇ ਖਿਝ ਕੇ ਥੱਪੜ ਜੜ ਦਿੱਤਾ ਸੀ। ਇਸ ਕਰਕੇ ਕਿਰਨ ਆਪਣੀ ਮੰਮੀ ਨਾਲ ਗੁੱਸੇ ਸੀ ਅਤੇ ਉਸ ਨਾਲ ਬੋਲ ਨਹੀਂ ਰਹੀ ਸੀ ਪਰ ਜਦ ਮੰਮੀ ਨੇ ਆ ਕੇ ਉਸਨੂੰ ਆਪਣੀ ਬੁੱਕਲ ਵਿੱਚ ਲੈ ਕੇ ਪਿਆਰ ਨਾਲ ਪਲੋਸਿਆ ਤਾਂ ਉਹ ਆਪਣਾ ਸਾਰਾ ਗੁੱਸਾ ਭੁੱਲ ਗਈ ਅਤੇ ਖ਼ੁਸ਼ ਹੋ ਗਈ।

ਪ੍ਰਸ਼ਨ 1. ਕੀ ਕਦੀ ਤੁਹਾਨੂੰ ਕਿਸੇ ਗਲਤੀ ਕਾਰਨ ਥੱਪੜ ਪਿਆ ਹੈ ? ਤੁਹਾਨੂੰ ਇਸ ਦਾ ਕਿੰਨਾ ਕੁ ਦੁੱਖ ਲੱਗਿਆ ?

________________________________________

________________________________________

ਪ੍ਰਸ਼ਨ 2. ਜਦ ਕੋਈ ਤੁਹਾਡਾ ਸਿਰ ਪਲੋਸਦਾ ਹੈ ਤਾਂ ਤੁਹਾਨੂੰ ਕਿਸ ਤਰ੍ਹਾਂ ਮਹਿਸੂਸ ਹੁੰਦਾ ਹੈ ?

________________________________________

ਪ੍ਰਸ਼ਨ 3. ਜਦ ਕੋਈ ਤੁਹਾਡੀ ਪਿੱਠ ਥਾਪੜ ਕੇ ਸ਼ਾਬਾਸ਼ ਦਿੰਦਾ ਹੈ ਤਾਂ ਤੁਸੀਂ ਕਿਵੇਂ ਮਹਿਸੂਸ ਕਰਦੇ ਹੋ ?

________________________________________

ਸ਼ਾਮ ਨੂੰ ਕਿਰਨ ਅਤੇ ਉਸਦਾ ਵੱਡਾ ਭਰਾ ਰਾਜੂ ਖੇਡਣ ਲਈ ਪਾਰਕ ਵਿੱਚ ਗਏ। ਉਥੇ ਗੇਟ ਦੇ ਲਾਗੇ ਹੀ ਮਾਲੀ ਗਿੱਲੀ ਜ਼ਮੀਨ ਨੂੰ ਪੁੱਟ ਕੇ ਕਿਆਰੀਆਂ ਬਣਾ ਰਿਹਾ ਸੀ। ਤਾਜ਼ੀ ਪੁੱਟੀ ਮਿੱਟੀ ਵਿੱਚੋਂ ਬੜੀ ਭਿੰਨੀ-ਭਿੰਨੀ ਮਹਿਕ ਆ ਰਹੀ ਸੀ। ਅੱਗੇ ਗਏ ਤਾਂ ਬਹਾਰ ਦੀ ਰੁੱਤ ਹੋਣ ਕਰਕੇ ਬਹੁਤ ਫੁੱਲ ਖਿੜੇ ਹੋਏ ਸਨ। ਕਿਰਨ ਨੇ ਰਾਜੂ ਨੂੰ ਗੁਲਾਬ ਦੇ ਫੁੱਲਾਂ ਕੋਲ ਲਿਜਾ ਕੇ ਕਿਹਾ "ਦੇਖ ਕਿੰਨੀ ਸੋਹਣੀ ਖ਼ੁਸ਼ਬੂ ਆ ਰਹੀ ਹੈ।" ਰਾਜੂ ਨੇ ਕਿਹਾ "ਹਾਂ, ਅੱਛੀ ਹੈ। ਪਰ ਉਧਰ ਜੋ ਚਿੱਟੇ ਫੁੱਲ ਖਿੜੇ ਹਨ ਮੈਨੂੰ ਉਨ੍ਹਾਂ ਦੀ ਖ਼ੁਸ਼ਬੂ ਬਹੁਤ ਵਧੀਆ ਲਗਦੀ ਹੈ।"



*ਚਿੱਤਰ 2.2 ਕਿਰਨ ਅਤੇ ਰਾਜੂ ਫੁੱਲਾਂ ਦੀ ਖੁਸ਼ਬੂ ਲੈਂਦੇ ਹੋਏ।*

ਪ੍ਰਸ਼ਨ 4. ਤੁਹਾਨੂੰ ਕਿਸ ਫੁੱਲ ਦੀ ਖੁਸ਼ਬੂ ਸਭ ਤੋਂ ਚੰਗੀ ਲਗਦੀ ਹੈ ?

________________________________________

ਪ੍ਰਸ਼ਨ 5. ਉਨ੍ਹਾਂ ਚੀਜ਼ਾਂ ਦੀ ਸੂਚੀ ਬਣਾਓ ਜਿਨ੍ਹਾਂ ਦੀ ਖੁਸ਼ਬੂ ਤੁਹਾਨੂੰ ਚੰਗੀ ਲੱਗਦੀ ਹੈ।

1. _______________ 2. _______________

3. _______________ 4. _______________

5. _______________ 6. _______________

ਜਦ ਉਹ ਫੁੱਲਾਂ ਨੂੰ ਸੁੰਘਣ ਵਿੱਚ ਮਗਨ ਸਨ ਤਾਂ ਰਾਜੂ ਦੇ ਇੱਕ ਦੋਸਤ ਨੇ ਪਿੱਛੋਂ ਆ ਕੇ ਉਸਦੀਆਂ ਅੱਖਾਂ ਬੰਦ ਕਰ ਦਿੱਤੀਆਂ। ਰਾਜੂ ਨੇ ਉਸਦੇ ਹੱਥਾਂ ਨੂੰ ਟੋਹਿਆ ਅਤੇ ਤੁਰੰਤ ਬੋਲ ਉਠਿਆ, "ਅਰਸ਼ਦੀਪ। ਅਰਸ਼ ਨੇ ਅੱਖਾਂ ਤੋਂ ਹੱਥ ਚੁੱਕ ਲਏ ਅਤੇ ਕਹਿਣ ਲੱਗਾ, "ਵਾਹ ਬਈ ਵਾਹ, ਮੈਨੂੰ ਲਗਦਾ ਸੀ ਕਿ ਤੈਨੂੰ ਪਤਾ ਹੀ ਨਹੀਂ ਲੱਗਣਾ ਅਤੇ ਮੈਂ ਤੈਨੂੰ ਖੂਬ ਖਿਝਾਵਾਂਗਾ।" ਰਾਜੂ ਨੇ ਅੱਗੋਂ ਕਿਹਾ, "ਯਾਰ ਤੇਰੇ ਹੱਥ ਬਹੁਤ ਸਖਤ ਹਨ ਅਤੇ ਉਂਗਲਾਂ ਮੋਟੀਆਂ ਹਨ। ਸੋ ਮੈਨੂੰ ਛੂਹਣ ਸਾਰ ਹੀ ਪਤਾ ਚੱਲ ਗਿਆ ਕਿ ਇਹ ਅਰਸ਼ ਦੇ ਹੱਥ ਹੀ ਹੋ ਸਕਦੇ ਹਨ।"

ਕਿਰਿਆ : 1 ਇੱਕ ਬੱਚਾ ਜਮਾਤ ਵੱਲ ਪਿੱਠ ਕਰਕੇ ਬੈਠੇਗਾ। ਸ਼੍ਰੇਣੀ ਵਿਚੋਂ ਕੋਈ ਹੋਰ ਬੱਚਾ ਪਿਛਲੇ ਪਾਸਿਓਂ ਉਸ ਦੀਆਂ ਅੱਖਾਂ ਬੰਦ ਕਰੇਗਾ। ਪਹਿਲਾ ਬੱਚਾ ਉਸ ਦੇ ਹੱਥਾਂ, ਬਾਹਵਾਂ, ਕੱਪੜਿਆਂ ਆਦਿ ਨੂੰ ਛੂਹ ਕੇ ਪਛਾਣਨ ਦੀ ਕੋਸ਼ਿਸ਼ ਕਰੇਗਾ। ਇਹ ਕਿਰਿਆ ਵਾਰੀ ਵਾਰੀ ਹੋਰ ਬੱਚਿਆਂ ਨਾਲ ਦੁਹਰਾਈ ਜਾਏਗੀ।

ਕਿਰਿਆ : 2 ਮੇਜ਼ ਉਪਰ ਲੋਹਾ, ਲੱਕੜ, ਪਲਾਸਿਟਕ, ਰਬੜ, ਇੱਟ, ਪੱਥਰ, ਚੀਕਣੀ ਮਿੱਟੀ ਆਦਿ ਦੇ ਟੁਕੜੇ ਰੱਖੇ ਜਾਣਗੇ। ਵਿਦਿਆਰਥੀ ਆਪਣੀਆਂ ਅੱਖਾਂ ਬੰਦ ਕਰ ਕੇ ਵਾਰੀ ਵਾਰੀ ਇਨ੍ਹਾਂ ਨੂੰ ਛੂਹ ਕੇ ਪਛਾਣਨ ਦੀ ਕੋਸ਼ਿਸ਼ ਕਰਨਗੇ ਕਿ ਇਹ ਕਿਸ ਪਦਾਰਥ ਦੇ ਟੁਕੜੇ ਹਨ।

ਅਰਸ਼ ਅੱਜ ਆਪਣੇ ਕੁੱਤੇ ਨੂੰ ਵੀ ਨਾਲ ਲੈ ਕੇ ਆਇਆ ਸੀ। ਰਾਜੂ ਉਸ ਤੋਂ ਡਰ ਕੇ ਪਾਸੇ ਹੋ ਰਿਹਾ ਸੀ। ਅਰਸ਼ ਕਹਿਣ ਲੱਗਾ, "ਤੂੰ ਇਸ ਤੋਂ ਡਰ ਨਾ, ਇਹ ਤੈਨੂੰ ਕੁਝ ਨਹੀਂ ਕਹਿੰਦਾ। ਮੈਂ ਇਸਨੂੰ ਸਾਬਣ ਨਾਲ ਨੁਹਾ ਕੇ ਲਿਆਇਆ

ਹਾਂ। ਦੇਖ ਇਸ ਦੀ ਜੱਤ ਕਿੰਨੀ ਮੁਲਾਇਮ ਹੈ।" ਅਰਸ਼ ਦੇ ਕਹਿਣ 'ਤੇ ਰਾਜੂ ਉਸਦੀ ਪਿੱਠ ਉਤੇ ਹੱਥ ਫੇਰਨ ਲੱਗਾ। ਉਸਦੀ ਜੱਤ ਸਚਮੁੱਚ ਹੀ ਬਹੁਤ ਮੁਲਾਇਮ ਸੀ ਅਤੇ ਰਾਜੂ ਨੂੰ ਉਸਤੇ ਹੱਥ ਲਗਾਉਣਾ ਚੰਗਾ ਲੱਗਿਆ। ਰਾਜੂ ਦੇ ਹੱਥ ਫੇਰਦੇ ਰਹਿਣ ਨਾਲ ਕੁੱਤਾ ਉਸ ਵੱਲ ਦੇਖ ਕੇ ਪੂਛ ਹਿਲਾਉਣ ਲੱਗਾ। ਅਰਸ਼ ਨੇ ਕਿਹਾ, "ਦੇਖਿਆ ਤੂੰ ਐਵੇਂ ਹੀ ਡਰ ਰਿਹਾ ਸੀ, ਇਹ ਤੈਨੂੰ ਕਿੰਨੇ ਪਿਆਰ ਨਾਲ ਦੇਖ ਰਿਹਾ ਹੈ।" ਰਾਜੂ ਨੂੰ ਯਾਦ ਆਇਆ ਕਿ ਆਪਣੇ ਘਰ ਜਦ ਉਹ ਵੱਛੀ ਨੂੰ ਪਿਆਰ ਨਾਲ ਛੂੰਹਦਾ ਹੈ ਤਾਂ ਉਹ ਵੀ ਉਸਦਾ ਹੱਥ ਚੱਟਣ ਲੱਗ ਜਾਂਦੀ ਹੈ।



*ਚਿੱਤਰ 2.3 ਰਾਜੂ ਕੁੱਤੇ 'ਤੇ ਹੱਥ ਫੇਰਦੇ ਹੋਏ*

ਪ੍ਰਸ਼ਨ 6. ਤੁਸੀਂ ਹੇਠ ਲਿਖੇ ਜੰਤੂਆਂ ਵਿਚੋਂ ਕਿਹੜੇ ਕਿਹੜੇ ਨੂੰ ਛੂਹ ਕੇ ਦੇਖਿਆ ਹੈ ?
ਮੱਝ, ਗਾਂ, ਬਿੱਲੀ, ਚੂਹਾ, ਕੁੱਤਾ, ਭੇਡ, ਬੱਕਰੀ, ਮੁਰਗਾ, ਊਠ, ਕਿਰਲੀ, ਕਾਕਰੋਚ।

ਕਿਰਨ ਦਾ ਖਿਆਲ ਭੁੱਲ ਕੇ, ਰਾਜੂ ਅਤੇ ਅਰਸ਼ ਆਪਸ ਵਿੱਚ ਗੱਲਾਂ ਕਰਦੇ-ਕਰਦੇ ਕੁਝ ਦੂਰ ਨਿਕਲ ਗਏ ਤਾਂ ਕਿਰਨ ਉਨ੍ਹਾਂ ਫੁੱਲਾਂ ਕੋਲ ਹੀ ਬਣੇ ਬੈਂਚ ਉੱਤੇ ਬੈਠ ਗਈ। ਉਸ ਬੈਂਚ 'ਤੇ ਇੱਕ ਹੋਰ ਆਦਮੀ ਵੀ ਬੈਠਾ ਸੀ। ਉਹ ਕਿਰਨ ਦੇ ਨੇੜੇ ਆ ਗਿਆ ਅਤੇ ਕਿਰਨ ਨੂੰ ਗੱਲਾਂ ਵਿੱਚ ਲਾਉਣ ਲੱਗਾ। ਉਹ ਉਸਨੂੰ ਪੁੱਛਣ ਲੱਗਾ ਕਿ ਉਹ ਕਿਹੜੀ ਜਮਾਤ ਵਿੱਚ ਪੜ੍ਹਦੀ ਹੈ ? ਉਸ ਦਾ ਘਰ ਕਿੱਥੇ ਹੈ ? ਉਸਨੇ ਕਿਰਨ ਨੂੰ ਇੱਕ ਟਾਫੀ ਵੀ ਦਿੱਤੀ। ਗੱਲਾਂ ਕਰਦੇ ਕਰਦੇ ਉਹ ਕਿਰਨ ਦੀ ਪਿੱਠ 'ਤੇ ਹੱਥ ਫੇਰਨ ਲੱਗਾ। ਕਿਰਨ ਨੂੰ ਉਸਦਾ ਇਸ ਤਰ੍ਹਾਂ ਛੂਹਣਾ ਬਹੁਤ ਪ੍ਰੇਸ਼ਾਨ ਕਰਨ ਲੱਗਾ। ਉਹ ਉਥੋਂ ਦੌੜ ਕੇ ਰਾਜੂ ਹੋਰਾਂ ਪਾਸ ਚਲੀ ਗਈ ਅਤੇ ਉਹਨਾਂ ਨੂੰ ਦੱਸਣ ਲੱਗੀ ਕਿ ਬੈਂਚ ਉਤੇ ਕੋਈ ਬੁਰਾ ਆਦਮੀ ਬੈਠਾ ਹੈ। ਰਾਜੂ ਅਤੇ ਅਰਸ਼ ਬੈਂਚ ਵੱਲ ਗਏ ਤਾਂ ਉਹ ਆਦਮੀ ਉਥੋਂ ਜਾ ਚੁੱਕਾ ਸੀ।

ਦਿਨ ਛਿਪ ਰਿਹਾ ਸੀ ਉਹ ਘਰ ਮੁੜਨ ਲੱਗੇ। ਪਾਰਕ ਦੇ ਇੱਕ ਕੋਨੇ ਵਿੱਚ ਕੂੜੇ ਦਾ ਵੱਡਾ ਢੇਰ ਪਿਆ ਸੀ। ਇਸ ਵਿਚੋਂ ਬੜੀ ਬਦਬੂ ਆ ਰਹੀ ਸੀ। ਕਿਰਨ ਨੇ ਨੱਕ ਬੰਦ ਕਰ ਲਿਆ। ਰਾਜੂ ਕਹਿਣ ਲੱਗਾ, "ਹੁਣੇ ਕਿੰਨੀ ਸੋਹਣੀ ਮਹਿਕ ਲੈਂਦੇ ਆਏ ਹਾਂ ਅਤੇ ਏਥੇ ਕਿੰਨੀ ਬਦਬੂ ਆ ਰਹੀ ਹੈ।"

"ਇਹ ਕੂੜਾ ਹਰ ਰੋਜ਼ ਇਥੋਂ ਚੁੱਕਿਆ ਜਾਵੇ ਤਾਂ ਬਦਬੂ ਨਾ ਆਵੇ। ਜਦੋਂ ਇਹ ਕਈ ਦਿਨ ਇੱਥੇ ਪਿਆ ਰਹਿੰਦਾ ਹੈ ਤਾਂ ਇਹ ਗਲ ਸੜ ਕੇ ਮੁਸ਼ਕ ਮਾਰਨ ਲੱਗ ਪੈਂਦਾ ਹੈ।" ਅਰਸ਼ ਨੇ ਕਿਹਾ।



*ਚਿੱਤਰ 2.4 ਪਾਰਕ ਦੇ ਕੋਨੇ ਵਿੱਚ ਕੂੜੇ ਦਾ ਢੇਰ*

ਕਿਰਿਆ : 3 ਉਨ੍ਹਾਂ ਚੀਜ਼ਾਂ ਦੀ ਸੂਚੀ ਬਣਾਓ ਜਿਨ੍ਹਾਂ ਦੀ ਗੰਧ ਤੁਹਾਨੂੰ ਬਹੁਤ ਬੁਰੀ ਲੱਗਦੀ ਹੈ।

| | |
|---|---|
| 1. ___________ | 2. ___________ |
| 3. ___________ | 4. ___________ |
| 5. ___________ | 6. ___________ |

ਕਿਰਨ ਅਤੇ ਰਾਜੂ ਜਦ ਘਰ ਪੁੱਜੇ ਤਾਂ ਰਸੋਈ ਵਿਚੋਂ ਬੜੀ ਮਹਿਕ ਆ ਰਹੀ ਸੀ। ਉਹ ਦੋਵੇਂ ਸਿੱਧੇ ਰਸੋਈ ਵਿੱਚ ਚਲੇ ਗਏ।

ਕਿਰਨ – ਮੰਮੀ ਜੀ ਕੀ ਬਣ ਰਿਹਾ ਹੈ ? ਬੜੀ ਮਹਿਕ ਆ ਰਹੀ ਹੈ।

ਮੰਮੀ – ਤੁਸੀਂ ਬੁੱਝੋ।

ਰਾਜੂ – ਮਹਿਕ ਤੋਂ ਤਾਂ ਜਾਪਦਾ ਹੈ ਕਿ ਹਲਵਾ ਬਣ ਰਿਹਾ ਹੈ।

ਮੰਮੀ – ਬਿਲਕੁਲ ਠੀਕ ।

ਕਿਰਨ (ਪੁਦੀਨੇ ਦੀ ਗੁੱਟੀ ਚੁੱਕ ਕੇ) – ਇਹ ਕੀ ਚੀਜ਼ ਹੈ ? ਇਸ ਵਿਚੋਂ ਬੜੀ ਮਹਿਕ ਆ ਰਹੀ ਹੈ।

ਮੰਮੀ – ਇਹ ਪੁਦੀਨਾ ਹੈ, ਆਪਾਂ ਇਸਦੀ ਚਟਨੀ ਬਣਾਵਾਂਗੇ।

ਰਾਜੂ – ਮੰਮੀ ਖਾਣੇ ਦੀ ਮਹਿਕ ਨੇ ਤਾਂ ਭੁੱਖ ਹੋਰ ਚਮਕਾ ਦਿੱਤੀ ਹੈ। ਹੁਣ ਤੁਸੀਂ ਸਾਨੂੰ ਜਲਦੀ ਖਾਣਾ ਦਿਓ।

ਮੰਮੀ – ਚਲੋ ਤੁਸੀਂ ਹੱਥ ਧੋਵੋ, ਮੈਂ ਹੁਣੇ ਖਾਣਾ ਲਗਾ ਦਿੰਦੀ ਹਾਂ।

ਪਾਠ – 3

# ਆਓ ਖੇਡੀਏ

ਸਿਮਰਨ ਆਪਣੇ ਪਤੰਗ ਕਦੇ ਕਿਸੇ ਜਗ੍ਹਾ, ਕਦੇ ਕਿਸੇ ਜਗ੍ਹਾ ਲੁਕੋ ਰਹੀ ਸੀ। ਉਸਨੇ ਬੜੀ ਮਿਹਨਤ ਨਾਲ ਇਹ ਪਤੰਗ ਬਣਾਏ ਸਨ। ਅੱਜ ਉਸਦੇ ਸਕੂਲ ਵਿੱਚ ਪਤੰਗ ਉਡਾਉਣ ਦਾ ਮੁਕਾਬਲਾ ਸੀ। ਉਸਨੂੰ ਡਰ ਸੀ ਕਿ ਉਸਦਾ ਛੋਟਾ ਭਰਾ ਕਿਤੇ ਪਤੰਗ ਖ਼ਰਾਬ ਹੀ ਨਾ ਕਰ ਦੇਵੇ। ਉਸਦੇ ਮੰਮੀ ਨੂੰ ਕੁੜੀਆਂ ਦਾ ਪਤੰਗ ਉਡਾਉਣਾ ਬੜਾ ਅਜੀਬ ਲੱਗ ਰਿਹਾ ਸੀ। ਉਸਦੇ ਪਾਪਾ ਨੇ ਕਿਹਾ, "ਜੇ ਕੁੜੀਆਂ ਹਵਾਈ ਜਹਾਜ਼ ਉਡਾ ਸਕਦੀਆਂ ਹਨ ਤਾਂ ਪਤੰਗ ਕਿਉਂ ਨਹੀਂ। ਫਿਕਰ ਦੀ ਕੋਈ ਗੱਲ ਨਹੀਂ। ਮੁਕਾਬਲਾ ਸਕੂਲ ਦੇ ਮੈਦਾਨ ਵਿੱਚ ਹੈ। ਘਰਾਂ ਦੀਆਂ ਛੱਤਾਂ ਉੱਪਰ ਪਤੰਗ ਉਡਾਉਣ ਨਾਲੋਂ ਤਾਂ ਕਿਸੇ ਖੁੱਲ੍ਹੀ ਜਗ੍ਹਾ ਪਤੰਗ ਉਡਾਉਣਾ ਜ਼ਿਆਦਾ ਸੁਰੱਖਿਅਤ ਹੈ। ਉੱਥੇ ਇਹਨਾਂ ਦੇ ਅਧਿਆਪਕ ਵੀ ਹੋਣਗੇ। ਬਸੰਤ ਕਿਹੜਾ ਹਰ ਰੋਜ਼ ਹੁੰਦੀ ਹੈ।" ਉਸਦੇ ਭਰਾ ਨੇ ਪੁੱਛਿਆ, "ਪਾਪਾ ਇਸਦਾ ਮਤਲਬ ਅਸੀਂ ਅੱਜ ਸ਼ਾਲੀਮਾਰ ਬਾਗ਼ ਵਿਚ ਮੇਲਾ ਦੇਖਣ ਨਹੀਂ ਜਾਵਾਂਗੇਂ?" ਉਸਦੇ ਮੰਮੀ ਬੋਲੇ "ਕਿਉਂ ਨਹੀਂ? ਜਾਵਾਂਗੇ। ਅੱਜ ਤਾਂ ਬੱਚਿਓ ਤੁਹਾਡੇ ਮਨਪਸੰਦ ਪੀਲ਼ੇ ਚੌਲ ਬਣਾਏ ਹਨ। ਪਹਿਲਾਂ ਇਹ ਖਾਓ, ਫਿਰ ਸਿਮਰਨ ਨੂੰ ਉਸਦੇ ਸਕੂਲ ਛੱਡ ਕੇ ਆਪਾਂ ਸ਼ਾਲੀਮਾਰ ਬਾਗ਼ ਚਲੇ ਜਾਵਾਂਗੇ। ਇਸੇ ਤਰ੍ਹਾਂ ਵਾਪਸੀ ਸਮੇਂ ਇਸ ਨੂੰ ਸਕੂਲ ਵਿਚੋਂ ਲੈਂਦੇ ਆਵਾਂਗੇ।"

ਪ੍ਰਸ਼ਨ 1. ਕੀ ਤੁਸੀਂ ਵੀ ਕਦੇ ਪਤੰਗ ਬਣਾਇਆ ਹੈ?

______________________________

ਪ੍ਰਸ਼ਨ 2. ਜੇ ਤੁਸੀਂ ਪਤੰਗ ਬਣਾਉਣਾ ਚਾਹੋ ਤਾਂ ਮੰਮੀ, ਪਾਪਾ, ਭੈਣ ਜਾਂ ਭਰਾ ਕੌਣ ਤੁਹਾਡੀ ਮਦਦ ਕਰੇਗਾ?

______________________________

ਪ੍ਰਸ਼ਨ 3. ਘਰਾਂ ਦੀਆਂ ਛੱਤਾਂ ਉੱਪਰ ਪਤੰਗ ਉਡਾਉਣਾ ਕਿਉਂ ਖ਼ਤਰਨਾਕ ਹੈ?

______________________________

______________________________

ਪ੍ਰਸ਼ਨ 4. ਬਸੰਤ ਰੁੱਤ ਕਿਹੜੀ ਰੁੱਤ ਤੋਂ ਬਾਅਦ ਆਉਂਦੀ ਹੈ?

______________________________

ਪ੍ਰਸ਼ਨ 5. ਕੀ ਇਸ ਦਿਨ ਤੁਹਾਡੇ ਘਰ ਵੀ ਪੀਲੇ ਚੌਲ ਜਾਂ ਇਸ ਤਰ੍ਹਾਂ ਦੀ ਕੋਈ ਹੋਰ ਖਾਣ ਵਾਲੀ ਚੀਜ਼ ਬਣਦੀ ਹੈ?

______________________________

### ਕੀ ਤੁਸੀਂ ਜਾਣਦੇ ਹੋ?

ਪੰਜਾਬ ਵਿੱਚ ਬਹੁਤ ਸਾਰੇ ਮੇਲੇ ਲਗਦੇ ਹਨ। ਕਪੂਰਥਲਾ ਸ਼ਹਿਰ ਵਿੱਚ ਬਸੰਤ ਪੰਚਮੀ ਦਾ ਮੇਲਾ ਬਹੁਤ ਧੂਮਧਾਮ ਨਾਲ ਮਨਾਇਆ ਜਾਂਦਾ ਹੈ। 2012 ਵਿੱਚ ਇਸ ਮੇਲੇ ਨੂੰ ਲਗਦਿਆਂ 95 ਸਾਲ ਹੋ ਚੁੱਕੇ ਹਨ। ਕੀ ਤੁਸੀਂ ਅੰਦਾਜ਼ਾ ਲਗਾ ਸਕਦੇ ਹੋ ਕਿ ਇਹ ਕਦੋਂ ਸ਼ੁਰੂ ਹੋਇਆ ਹੋਵੇਗਾ। ਇਹ ਮੇਲਾ ਸ਼ਹਿਰ ਦੇ ਮਸ਼ਹੂਰ ਸ਼ਾਲੀਮਾਰ ਬਾਗ਼ ਵਿੱਚ ਆਯੋਜਤ ਕੀਤਾ ਜਾਂਦਾ ਹੈ। ਮੇਲੇ ਵਿੱਚ ਬੱਚਿਆਂ ਦੀ ਪਸੰਦ ਦੀਆਂ ਚੀਜ਼ਾਂ ਦੀਆਂ ਬਹੁਤ ਸਾਰੀਆਂ ਦੁਕਾਨਾਂ ਲਗਦੀਆਂ ਹਨ, ਜਿਵੇਂ ਖਿਡਾਉਣੇ ਅਤੇ ਖਾਣ ਪੀਣ ਦਾ ਸਾਮਾਨ ਵੇਚਣ ਵਾਲੀਆਂ ਦੁਕਾਨਾਂ।







*ਚਿੱਤਰ 3.1 ਮੇਲਾ ਬਸੰਤ ਪੰਚਮੀ (ਕਪੂਰਥਲਾ) ਦੇ ਕੁੱਝ ਦ੍ਰਿਸ਼*

ਇਸੇ ਤਰ੍ਹਾਂ ਸ੍ਰੀ ਮੁਕਤਸਰ ਸਾਹਿਬ ਵਿਖੇ ਮਾਘੀ ਦਾ ਮੇਲਾ ਬੜੇ ਜੋਸ਼ ਅਤੇ ਸ਼ਰਧਾ ਨਾਲ ਮਨਾਇਆ ਜਾਂਦਾ ਹੈ। ਲੋਹੜੀ ਤੋਂ ਇਕ ਦਿਨ ਬਾਅਦ ਮਾਘੀ (ਮਾਘ ਮਹੀਨੇ ਦੀ ਸੰਗਰਾਂਦ) ਵਾਲੇ ਦਿਨ ਲੋਕ ਪਵਿੱਤਰ ਸਰੋਵਰ ਵਿੱਚ ਇਸ਼ਨਾਨ ਕਰਦੇ ਹਨ। ਇਹ ਮੇਲਾ ਹਰ ਸਾਲ ਜਨਵਰੀ ਮਹੀਨੇ ਵਿੱਚ 40 ਮੁਕਤਿਆਂ ਦੀ ਯਾਦ ਵਿੱਚ ਮਨਾਇਆ ਜਾਂਦਾ ਹੈ ਅਤੇ ਕਈ ਦਿਨ ਤੱਕ ਚਲਦਾ ਹੈ। ਸਾਰਾ ਸ਼ਹਿਰ ਹੀ ਮੇਲੇ ਦਾ ਰੂਪ ਧਾਰਨ ਕਰ ਲੈਂਦਾ ਹੈ। ਬਾਜ਼ਾਰਾਂ ਵਿੱਚ ਬਹੁਤ ਭੀੜ ਹੁੰਦੀ ਹੈ। ਜਗ੍ਹਾ-ਜਗ੍ਹਾ ਦੁਕਾਨਾਂ ਲੱਗੀਆਂ ਹੁੰਦੀਆਂ ਹਨ। ਪੰਜਾਬ ਹੀ ਨਹੀਂ ਸਗੋਂ ਪੂਰੇ ਭਾਰਤ ਵਿਚੋਂ ਵੀ ਬਹੁਤ ਸਾਰੇ ਵਪਾਰੀ ਇਸ ਮੇਲੇ ਵਿਚ ਭਾਗ ਲੈਣ ਆਉਂਦੇ ਹਨ ਅਤੇ ਸਾਮਾਨ ਵੇਚਦੇ ਹਨ। ਮੇਲੇ ਵਿੱਚ ਮਨੋਰੰਜਨ ਦੇ ਬਹੁਤ ਸਾਧਨ ਮੌਜੂਦ ਹੁੰਦੇ ਹਨ। ਝੂਲਿਆਂ ਉੱਪਰ ਝੂਟੇ ਲੈਣ ਵਾਲਿਆਂ ਦੀ ਬਹੁਤ ਭੀੜ ਹੁੰਦੀ ਹੈ ਪਰ ਕਈ ਲੋਕ ਚੰਡੋਲ ਵਿੱਚ ਬੈਠਣ ਤੋਂ ਡਰਦੇ ਹਨ। ਹਾਂ, ਸਰਕਸ ਤਾਂ ਲਗਭਗ ਸਾਰੇ ਹੀ ਚਾਅ ਨਾਲ ਦੇਖਦੇ ਹਨ। ਨਿਹੰਗ ਸਿੰਘ ਗਤਕੇ ਦੇ ਕਰਤਬ ਦਿਖਾਉਂਦੇ ਹਨ।



*ਚਿੱਤਰ 3.2 ਮੇਲਾ ਮਾਘੀ (ਸ੍ਰੀ ਮੁਕਤਸਰ ਸਾਹਿਬ) ਦਾ ਦ੍ਰਿਸ਼*

ਕੀ ਤੁਸੀਂ ਜਾਣਦੇ ਹੋ ਕਿ ਸ੍ਰੀ ਮੁਕਤਸਰ ਸਾਹਿਬ ਦਾ ਪਹਿਲਾ ਨਾਂ ਖਿਦਰਾਨੇ ਦੀ ਢਾਬ ਸੀ। ਪਤਾ ਕਰੋ ਕੀ ਤੁਹਾਡੇ ਪਿੰਡ ਜਾਂ ਸ਼ਹਿਰ ਦਾ ਵੀ ਕੋਈ ਹੋਰ ਨਾਂ ਹੁੰਦਾ ਸੀ ?

ਪ੍ਰਸ਼ਨ 6. ਤੁਸੀਂ ਕਿਹੜੇ-ਕਿਹੜੇ ਮੇਲੇ ਵੇਖੇ ਹਨ ?

_______________________________________________

ਪ੍ਰਸ਼ਨ 7. ਤੁਹਾਡੇ ਆਸ ਪਾਸ ਕਿਹੜਾ ਮੇਲਾ ਲਗਦਾ ਹੈ ? ਉਸ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰਕੇ ਲਿਖੋ।

_______________________________________________

_______________________________________________

_______________________________________________

_______________________________________________

ਕੇਵਲ ਮੇਲੇ ਹੀ ਨਹੀਂ ਖੇਡਾਂ ਵੀ ਸਾਡੇ ਮਨੋਰੰਜਨ ਦਾ ਸਾਧਨ ਹਨ। ਖੇਡਾਂ ਮਨ ਪ੍ਰਚਾਵਾ ਕਰਨ ਦੇ ਨਾਲ-ਨਾਲ ਸਰੀਰਕ ਅਤੇ ਮਾਨਸਿਕ ਤੰਦਰੁਸਤੀ ਵੀ ਪ੍ਰਦਾਨ ਕਰਦੀਆਂ ਹਨ। ਅੱਜ ਜੀਤੀ ਦੇ ਸਕੂਲ ਵਿੱਚ ਖੇਡ ਮੇਲਾ ਹੈ। ਆਓ ਦੇਖੀਏ ਕਿ ਜੀਤੀ ਕੀ ਕਰ ਰਹੀ ਹੈ।

ਜੀਤੀ ਨੂੰ ਸਭ ਤੋਂ ਅੱਗੇ ਦੌੜਦਿਆਂ ਦੇਖ ਕੇ ਸਾਰੇ ਵਿਦਿਆਰਥੀ ਖ਼ੁਸ਼ੀ ਵਿਚ ਤਾੜੀਆਂ ਮਾਰ ਰਹੇ ਸਨ। ਅਚਾਨਕ 'ਹੈਪੀ ਜਿੱਤ ਗਈ', 'ਹੈਪੀ ਜਿੱਤ ਗਈ' ਦਾ ਰੌਲਾ ਪੈ ਗਿਆ। ਦੂਜੇ ਪਾਸਿਉਂ 'ਜੀਤੀ ਜਿੱਤ ਗਈ', 'ਜੀਤੀ ਜਿੱਤ ਗਈ' ਦੀਆਂ ਆਵਾਜ਼ਾਂ ਆਉਣ ਲੱਗੀਆਂ। ਵਿਦਿਆਰਥੀਆਂ ਦੇ ਦੋ ਗਰੁੱਪ ਬਣ ਗਏ। ਇਕ ਗਰੁੱਪ ਨੂੰ ਲਗਦਾ ਸੀ ਕਿ ਹੈਪੀ ਨੇ ਦੌੜ ਜਿੱਤੀ ਸੀ ਪਰ ਦੂਸਰੇ ਗਰੁੱਪ ਨੂੰ ਲਗਦਾ ਸੀ ਕਿ ਦੌੜ ਜੀਤੀ ਨੇ ਜਿੱਤੀ ਸੀ। ਆਖ਼ਿਰ ਉਹਨਾਂ ਨੇ ਕੋਲ ਖੜੀ ਆਪਣੀ ਅਧਿਆਪਕਾ ਵੱਲ ਦੇਖਿਆ। ਮੈਡਮ ਸੁਖਦੀਪ ਨੇ ਮੁਸਕਰਾਉਂਦਿਆਂ ਕਿਹਾ, "ਬੇਟਾ ਖੇਡ ਵਿੱਚ ਭਾਗ ਲੈਣਾ ਜਿੱਤ-ਹਾਰ ਨਾਲੋਂ ਵੀ ਮਹੱਤਵਪੂਰਨ ਹੈ। ਇਸ ਦੌੜ ਵਿੱਚ ਹੈਪੀ ਜਿੱਤੀ ਹੈ"। "ਪਰ ਮੈਡਮ ਜੀ! ਅੱਗੇ ਤਾਂ ਜੀਤੀ ਸੀ," ਬਹੁਤ ਸਾਰੇ ਬੱਚੇ ਇਕੱਠੇ ਹੀ ਬੋਲ ਪਏ। ਮੈਡਮ ਨੇ ਕਿਹਾ, "ਇਹ ਠੀਕ ਹੈ ਲਗਭਗ ਸਾਰੀ ਦੌੜ ਵਿੱਚ ਜੀਤੀ ਅੱਗੇ ਸੀ ਪਰ ਅੰਤ ਵਿਚ ਹੈਪੀ ਨੇ ਅਗਾਂਹ ਵਧ ਕੇ ਰਿਬਨ ਨੂੰ ਛੂਹ ਲਿਆ। ਪਿਆਰੇ ਬੱਚਿਓ! ਹਰ ਖੇਡ ਦੇ ਕੁੱਝ ਨਿਯਮ ਹੁੰਦੇ ਹਨ ਜਿਹੜੇ ਖੇਡ ਨੂੰ ਸਹੀ ਤਰੀਕੇ ਨਾਲ ਖੇਡਣ ਵਿੱਚ ਸਾਡੀ ਸਹਾਇਤਾ ਕਰਦੇ ਹਨ। ਇਹਨਾਂ ਨਿਯਮਾਂ ਨਾਲ ਜਿੱਤ-ਹਾਰ ਦਾ ਫੈਸਲਾ ਕਰਨਾ ਵੀ ਸੌਖਾ ਹੋ ਜਾਂਦਾ ਹੈ।"

ਪ੍ਰਸ਼ਨ 8. ਕੀ ਤੁਹਾਡੇ ਸਕੂਲ ਵਿੱਚ ਵੀ ਖੇਡਾਂ ਦਾ ਆਯੋਜਨ ਹੁੰਦਾ ਹੈ?

______________________________

ਪ੍ਰਸ਼ਨ 9. ਤੁਸੀਂ ਕਿਹੜੀ ਖੇਡ ਖੇਡਦੇ ਹੋ?

______________________________

ਪ੍ਰਸ਼ਨ 10. ਜਿਹੜੀ ਖੇਡ ਤੁਸੀਂ ਖੇਡਦੇ ਹੋ, ਉਸ ਖੇਡ ਦੇ ਨਿਯਮ ਅਧਿਆਪਕ ਦੀ ਸਹਾਇਤਾ ਨਾਲ਼ ਲਿਖੋ।

______________________________

______________________________

______________________________

______________________________

______________________________

______________________________

ਪ੍ਰਸ਼ਨ 11. ਇਸ ਖੇਡ ਨੂੰ ਖੇਡਣ ਲਈ ਕੀ-ਕੀ ਸਾਮਾਨ ਚਾਹੀਦਾ ਹੈ?

______________________________

ਪ੍ਰਸ਼ਨ 12. ਇਹ ਸਾਮਾਨ ਤੁਹਾਨੂੰ ਕੌਣ ਦਿੰਦਾ ਹੈ?

______________________________

ਪ੍ਰਸ਼ਨ 13. ਕੀ ਖੇਡਦੇ ਸਮੇਂ ਕਦੇ ਤੁਹਾਡਾ ਵੀ ਜਿੱਤ-ਹਾਰ ਪਿੱਛੇ ਝਗੜਾ ਹੁੰਦਾ ਹੈ ?

______________________________________________

ਪ੍ਰਸ਼ਨ 14. ਉਸ ਸਮੇਂ ਕੌਣ ਝਗੜੇ ਦਾ ਫੈਸਲਾ ਕਰਦਾ ਹੈ ?

______________________________________________

ਪ੍ਰਸ਼ਨ 15. ਹੇਠਾਂ ਦਿੱਤੀਆਂ ਖ਼ਾਲੀ ਥਾਂਵਾਂ ਵਿੱਚ ਸਹੀ ਸ਼ਬਦ ਚੁਣ ਕੇ ਭਰੋ : -

1. ਖੇਡਾਂ ਸਾਨੂੰ __________ ਬਣਾਉਂਦੀਆਂ ਹਨ। (ਸਿਹਤਮੰਦ/ਰੋਗੀ)
2. ਖੇਡਾਂ ਸਾਨੂੰ __________ ਸਿਖਾਉਂਦੀਆਂ ਹਨ। (ਝਗੜਨਾ/ਮਿਲਵਰਤਨ)

ਪ੍ਰਸ਼ਨ 16. ਕੀ ਕੁੱਝ ਖੇਡਾਂ ਅਜਿਹੀਆਂ ਵੀ ਹਨ ਜਿਹਨਾਂ ਨੂੰ ਲੜਕੀਆਂ ਨੂੰ ਖੇਡਣ ਤੋਂ ਰੋਕਿਆ ਜਾਂਦਾ ਹੈ ? ਕੀ ਅਜਿਹਾ ਕਰਨਾ ਠੀਕ ਹੈ ?

______________________________________________

______________________________________________

______________________________________________

______________________________________________

______________________________________________

ਅਧਿਆਪਕ ਲਈ :ਅਧਿਆਪਕ ਕੁੱਝ ਅਜਿਹੇ ਚਮਕਦੇ ਖੇਡ ਸਿਤਾਰਿਆਂ ਬਾਰੇ ਵਿਦਿਆਰਥੀਆਂ ਨੂੰ ਦੱਸੇ ਜਿਹਨਾਂ ਨੇ ਅਜਿਹੀਆਂ ਸਮੱਸਿਆਵਾਂ ਦਾ ਸਾਹਮਣਾ ਕਰਦੇ ਹੋਏ ਆਪਣੀ ਲਗਾਤਾਰ ਮਿਹਨਤ ਅਤੇ ਦ੍ਰਿੜ ਵਿਸ਼ਵਾਸ ਨਾਲ ਆਪਣਾ, ਆਪਣੇ ਮਾਤਾ-ਪਿਤਾ ਅਤੇ ਦੇਸ਼ ਦਾ ਨਾਂ ਰੌਸ਼ਨ ਕੀਤਾ ਹੈ। ਅਧਿਆਪਕ ਬੱਚਿਆਂ ਨੂੰ ਖੇਡਾਂ ਦਾ ਮਹੱਤਵ ਦੱਸਦੇ ਹੋਏ ਇਹ ਵੀ ਸਪਸ਼ਟ ਕਰੇ ਕਿ ਅੱਜਕੱਲ ਸਾਰੀਆਂ ਖੇਡਾਂ ਲੜਕੇ ਅਤੇ ਲੜਕੀਆਂ ਦੁਆਰਾ ਖੇਡੀਆਂ ਜਾਂਦੀਆਂ ਹਨ। ਅੱਜ ਦੇ ਸਮੇਂ ਬਹੁਤ ਸਾਰੀਆਂ ਖਿਡਾਰਨਾਂ ਨੇ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪੱਧਰ ਉੱਤੇ ਨਾਮਨਾ ਖੱਟਿਆ ਹੈ।



*ਚਿੱਤਰ 3.3 ਨਾਂ -ਸੁਨੀਤਾ ਰਾਣੀ*
*ਖੇਤਰ-ਐਥਲੈਟਿਕਸ*
*ਸਨਮਾਨ-ਪਦਮ ਸ੍ਰੀ*



*ਚਿੱਤਰ 3.4 ਨਾਂ- ਡਾ. ਰੂਪਾ ਸੈਣੀ*
*ਖੇਤਰ-ਹਾਕੀ*
*ਸਨਮਾਨ-ਅਰਜੁਨ ਐਵਾਰਡ*



*ਚਿੱਤਰ 3.5 ਨਾਂ – ਮਨਜੀਤ ਕੌਰ*
*ਖੇਤਰ–ਐਥਲੈਟਿਕਸ*
*ਗੋਲਡਨ ਗਰਲ*




*ਚਿੱਤਰ 3.6 ਨਾਂ – ਮਿਲਖਾ ਸਿੰਘ*
*ਖੇਤਰ–ਐਥਲੈਟਿਕਸ*
*ਸਨਮਾਨ–ਪਦਮ ਸ੍ਰੀ*

ਕਿਰਿਆ 1: ਤੁਹਾਡਾ ਮਨ ਪਸੰਦ ਖੇਡ–ਸਿਤਾਰਾ ਕੌਣ ਹੈ ? ਉਸ ਦੇ ਚਿੱਤਰ ਅਖ਼ਬਾਰ ਜਾਂ ਰਸਾਲੇ ਵਿੱਚੋਂ ਕੱਟ ਕੇ ਹੇਠਾਂ ਚਿਪਕਾਓ।

**ਪਾਠ - 4**

# ਰੱਜੂ ਦਾ ਕੋਟ

ਅਗਲੇ ਹਫਤੇ ਰੱਜੂ ਦੇ ਸਕੂਲ ਵਿੱਚ ਸਾਲਾਨਾ ਸਮਾਰੋਹ ਹੈ। ਉਸ ਦਿਨ ਬੱਚਿਆਂ ਦਾ ਫੈਂਸੀ ਡਰੈੱਸ ਮੁਕਾਬਲਾ ਕਰਵਾਇਆ ਜਾਣਾ ਹੈ। ਰੱਜੂ ਨੇ ਉਸ ਮੁਕਾਬਲੇ ਵਿੱਚ ਭਾਗ ਲੈਣ ਲਈ ਡਾਕਟਰ ਬਣਨਾ ਹੈ। ਉਸਨੇ ਆਪਣੀ ਮੰਮੀ ਨੂੰ ਕਿਹਾ, "ਮੰਮੀ ਜੀ, ਮੇਰੇ ਲਈ ਡਾਕਟਰ ਦੇ ਪਾਉਣ ਵਾਲਾ ਕੋਟ ਸਿਉਂ ਦੇਵੋ।"

"ਰੱਜੂ, ਮੈਨੂੰ ਤਾਂ ਅਜਿਹਾ ਕੋਟ ਸਿਉਂਣਾ ਨਹੀਂ ਆਉਂਦਾ।" ਉਸਦੀ ਮੰਮੀ ਨੇ ਨਾਂਹ ਵਿੱਚ ਸਿਰ ਹਿਲਾਇਆ।

"ਮੰਮੀ, ਇੱਕ ਵਾਰ ਤੁਸੀਂ ਮੇਰੇ ਲਈ ਕਿੰਨਾ ਸੋਹਣਾ ਸਲਵਾਰ-ਕਮੀਜ਼ ਸਿਉਂਤਾ ਸੀ!" ਰੱਜੂ ਨੇ ਪੁੱਛਿਆ।

"ਬੇਟਾ ਤੇਰੀ ਨਾਨੀ ਨੇ ਮੈਨੂੰ ਸਿਰਫ ਸਲਵਾਰ-ਕਮੀਜ਼ ਸਿਊਣਾ ਹੀ ਸਿਖਾਇਆ ਸੀ।" ਉਸਦੀ ਮੰਮੀ ਨੇ ਜਵਾਬ ਦਿੱਤਾ।

ਰੱਜੂ ਉਦਾਸ ਹੋ ਗਈ। ਉਸਦੀ ਮੰਮੀ ਨੇ ਰੱਜੂ ਦਾ ਸਿਰ ਪਲੋਸਦਿਆਂ ਕਿਹਾ, "ਉਦਾਸ ਨਾ ਹੋ, ਜਾਹ ਆਪਣੇ ਪਾਪਾ ਨੂੰ ਨਾਲ ਲੈ ਕੇ ਦਰਜ਼ੀ ਤੋਂ ਪਤਾ ਕਰ ਆਓ।"

ਰੱਜੂ ਨੇ ਪਾਪਾ ਨੂੰ ਸਾਰੀ ਗੱਲ ਦੱਸੀ। ਉਸ ਦੇ ਪਾਪਾ ਨੇ ਜਾਣ ਤੋਂ ਇਨਕਾਰ ਕਰਦਿਆਂ ਕਿਹਾ, "ਪੁੱਤਰ, ਆਪਣਾ ਸਾਈਕਲ ਬਹੁਤ ਦਿਨਾਂ ਦਾ ਖਰਾਬ ਪਿਆ ਹੈ। ਮੈਂ ਇਸ ਨੂੰ ਸਾਈਕਲ ਮੁਰੰਮਤ ਕਰਨ ਵਾਲੇ ਭੋਲੇ ਕੋਲ ਲੈ ਕੇ ਜਾ ਰਿਹਾ ਹਾਂ, ਤੁਸੀ ਆਪਣੀ ਮੰਮੀ ਨਾਲ ਹੀ ਦਰਜ਼ੀ ਕੋਲ ਚਲੇ ਜਾਓ।"




*ਚਿੱਤਰ 4.1 ਸਾਈਕਲ ਮੁਰੰਮਤ ਵਾਲੀ ਦੁਕਾਨ ਦਾ ਦ੍ਰਿਸ਼*

ਪ੍ਰਸ਼ਨ 1. ਚਿੱਤਰ 4.1 ਵਿੱਚ ਦਿਖਾਇਆ ਪੰਪ ਕਿਸ ਕੰਮ ਆਉਂਦਾ ਹੈ?

___

ਰੱਜੂ ਦੀ ਮੰਮੀ ਨੇ ਨਾਲ ਜਾਣ ਲਈ ਤਿਆਰ ਹੁੰਦਿਆਂ ਕਿਹਾ, "ਚੱਲ ਮੈਂ ਵੀ ਪ੍ਰੇਮ ਮੋਚੀ ਤੋਂ ਆਪਣੀ ਜੁੱਤੀ ਠੀਕ ਕਰਵਾ ਲਿਆਵਾਂਗੀ।"

ਰੱਜੂ ਆਪਣੀ ਮੰਮੀ ਨਾਲ ਦਰਜ਼ੀ ਦੀ ਦੁਕਾਨ 'ਤੇ ਪਹੁੰਚ ਗਈ।

"ਅੰਕਲ, ਮੇਰੇ ਲਈ ਡਾਕਟਰਾਂ ਵਾਲਾ ਕੋਟ ਸਿਊਂ ਦੇਵੋਗੇ ?" ਰੱਜੂ ਨੇ ਦਰਜ਼ੀ ਨੂੰ ਪੁੱਛਿਆ।

"ਹਾਂ ਬੇਟਾ, ਜ਼ਰੂਰ, ਮੈਨੂੰ ਤਾਂ ਹੋਰ ਵੀ ਬਹੁਤ ਤਰ੍ਹਾਂ ਦੇ ਕੱਪੜੇ ਸਿਊਣਾ ਆਉਂਦੇ ਹਨ।" ਦਰਜ਼ੀ ਨੇ ਜਵਾਬ ਦਿੱਤਾ।


"ਅੰਕਲ, ਤੁਸੀਂ ਇਹ ਸਭ ਕਿੱਥੋਂ ਸਿੱਖਿਆ ?"

"ਮੈਂ ਸਿਲਾਈ ਦਾ ਦੋ ਸਾਲ ਦਾ ਕੋਰਸ ਕੀਤਾ ਹੈ। ਕਢਾਈ ਤੇਰੀ ਆਂਟੀ ਕਰ ਲੈਂਦੀ ਹੈ।" ਦਰਜ਼ੀ ਨੇ ਆਪਣੀ ਪਤਨੀ ਵੱਲ ਇਸ਼ਾਰਾ ਕਰਦਿਆਂ ਦੱਸਿਆ।

ਦਰਜ਼ੀ ਨੇ ਇੰਚਟੇਪ ਨਾਲ ਰੱਜੂ ਦਾ ਨਾਪ ਲੈ ਲਿਆ।

ਰੱਜੂ ਨੇ ਬੜੇ ਧਿਆਨ ਨਾਲ ਕੱਪੜੇ ਸਿਊਂਣ ਵਾਲੀ ਮਸ਼ੀਨ ਵੇਖੀ। ਇਹ ਮਸ਼ੀਨ ਰੱਜੂ ਦੇ ਘਰ ਪਈ ਮਸ਼ੀਨ ਨਾਲੋਂ ਵੱਡੀ ਸੀ। ਕਢਾਈ ਵਾਲੀ ਮਸ਼ੀਨ ਉਸਨੇ ਪਹਿਲੀ ਵਾਰ ਵੇਖੀ ਸੀ। ਕੈਂਚੀ ਅਤੇ ਇੰਚਟੇਪ ਤਾਂ ਉਸਨੇ ਅਪਣੇ ਘਰ ਵੀ ਦੇਖੇ ਸਨ।

ਆਓ ਇੰਚਟੇਪ ਬਾਰੇ ਹੋਰ ਜਾਣੀਏ।



*ਚਿੱਤਰ 4.2 ਇੰਚਟੇਪ*

ਪ੍ਰਸ਼ਨ 2. ਦਰਜ਼ੀ ਦੇ ਇੰਚਟੇਪ ਉੱਤੇ ਕਿੰਨੇ ਇੰਚ ਛਪੇ ਹੋਏ ਹਨ ?

______________________________________

ਕਿਰਿਆ 1 : ਇੰਚਟੇਪ ਨਾਲ ਆਪਣਾ ਕੱਦ ਮਾਪੋ ਤੇ ਪਤਾ ਕਰੋ ਕਿ ਤੁਹਾਡਾ ਕੱਦ ਕਿੰਨੇ ਫੁੱਟ ਅਤੇ ਕਿੰਨੇ ਇੰਚ ਹੈ।

_______ ਫੁੱਟ _______ ਇੰਚ

ਪ੍ਰਸ਼ਨ 3. ਆਪਣੇ ਨੇੜੇ ਦੇ ਦਰਜ਼ੀ ਤੋਂ ਪਤਾ ਕਰੋ ਕਿ ਉਸਨੇ ਕੱਪੜੇ ਸਿਊਂਣੇ ਕਿੱਥੋਂ ਸਿੱਖੇ ਹਨ ?

___________________________

ਪ੍ਰਸ਼ਨ 4. ਕੀ ਤੁਹਾਡੇ ਪਰਿਵਾਰ ਵਿੱਚ ਕੋਈ ਔਰਤ ਕੱਪੜੇ ਸਿਊਂਦੀ ਹੈ ? ਪਤਾ ਕਰੋ ਉਸਨੇ ਕੱਪੜੇ ਸਿਊਂਣੇ ਕਿੱਥੋਂ ਸਿੱਖੇ ਹਨ ?

___________________________

___________________________

ਪ੍ਰਸ਼ਨ 5. ਦਰਜ਼ੀ ਤੋਂ ਪਤਾ ਕਰੋ ਕਿ ਕੱਪੜੇ ਸਿਊਂਣ ਲਈ ਉਹ ਕਿਹੜੇ-ਕਿਹੜੇ ਸੰਦ (ਜਿਵੇਂ-ਕੈਂਚੀ) ਵਰਤਦਾ ਹੈ ?

___________________________

ਵਾਪਸ ਮੁੜਦੇ ਹੋਏ ਰੱਜੂ ਦੀ ਮੰਮੀ ਨੇ ਮੋਚੀ ਨੂੰ ਜੁੱਤੀ ਠੀਕ ਕਰਨ ਲਈ ਦੇ ਦਿੱਤੀ। ਉਸਨੇ ਵੱਖ-ਵੱਖ ਸੰਦਾਂ ਨਾਲ ਜੁੱਤੀ ਠੀਕ ਕਰਕੇ ਦਿੱਤੀ।

ਆਓ ਮੋਚੀ ਦੇ ਵੱਖ ਵੱਖ ਸੰਦਾਂ ਬਾਰੇ ਜਾਣੀਏ।




*ਚਿੱਤਰ 4.3 ਮੋਚੀ ਦੇ ਵੱਖ-ਵੱਖ ਸੰਦ*

ਪ੍ਰਸ਼ਨ 6. ਕਿਸੇ ਮੋਚੀ ਤੋਂ ਪੁੱਛੋ ਅਤੇ ਲਿਖੋ ਕਿ ਉਸਨੇ ਜੁੱਤੀਆਂ ਦੀ ਮੁਰੰਮਤ ਦਾ ਕੰਮ ਕਿੱਥੋਂ ਸਿੱਖਿਆ ਹੈ ?

___________________________

ਰੱਜੂ ਅਤੇ ਉਸਦੀ ਮੰਮੀ ਘਰ ਨੂੰ ਚੱਲ ਪਈਆਂ। ਸੋਨੀ ਦੀ ਹੱਟੀ ਵੇਖ ਰੱਜੂ ਦੀ ਮਾਂ ਨੂੰ ਯਾਦ ਆ ਗਿਆ ਕਿ ਅਚਾਰ ਵੀ ਲੈ ਕੇ ਜਾਣਾ ਹੈ। ਰੱਜੂ ਨੂੰ ਉਸਦੀ ਮੰਮੀ ਨੇ ਦੱਸਿਆ ਕਿ ਅਚਾਰ ਸੋਨੀ ਦੀ ਮੰਮੀ ਖੁਦ ਬਣਾਉਂਦੀ ਹੈ। ਇਹ ਅਚਾਰ ਬੜਾ ਸੁਆਦ ਹੋਣ ਕਾਰਨ ਸਾਰੇ ਪਿੰਡ ਵਾਲੇ ਅਚਾਰ ਇੱਥੋਂ ਹੀ ਖ਼੍ਰੀਦਦੇ ਹਨ।

ਪ੍ਰਸ਼ਨ 7. ਤੁਸੀਂ ਅਚਾਰ ਕਿੱਥੋਂ ਖ਼੍ਰੀਦਦੇ ਹੋ ?

________________________________________

ਪ੍ਰਸ਼ਨ 8. ਤੁਹਾਡੇ ਪਰਿਵਾਰ ਵਿੱਚ ਕੌਣ-ਕੌਣ ਅਚਾਰ ਬਣਾਉਂਦਾ ਹੈ ?

________________________________________

ਪ੍ਰਸ਼ਨ 9. ਹੇਠਾਂ ਦਿੱਤੇ ਕੁੱਝ ਕੰਮਾਂ ਵਿਚੋਂ ਤੁਸੀਂ ਜਿਹੜੇ-ਜਿਹੜੇ ਕੰਮ ਔਰਤਾਂ ਵਲੋਂ ਕੀਤੇ ਜਾਂਦੇ ਦੇਖੇ ਹਨ। ਉਨ੍ਹਾਂ 'ਤੇ ਟਿੱਕ (✓) ਦਾ ਨਿਸ਼ਾਨ ਲਗਾਉ।

1. ਪਸ਼ੂ ਪਾਲਣਾ ( )
2. ਦਰੀਆਂ ਖੇਸ ਬੁਣਨਾ ( )
3. ਬੱਸ ਚਲਾਉਣੀ ( )
4. ਮਿੱਟੀ ਦੇ ਭਾਂਡੇ ਬਣਾਉਣੇ ( )
5. ਪੁਲਿਸ ਜਾਂ ਫੌਜ ਵਿੱਚ ਕੰਮ ਕਰਦੇ ਹੋਏ ( )
6. ਹੋਟਲ ਜਾਂ ਢਾਬੇ ਉੱਤੇ ਕੰਮ ਕਰਦੇ ਹੋਏ ( )

ਅਧਿਆਪਕ ਲਈ: ਔਰਤਾਂ ਵੱਖ-ਵੱਖ ਖੇਤਰਾਂ ਵਿੱਚ ਕੰਮ ਕਰ ਰਹੀਆਂ ਹਨ ਇਸ ਬਾਰੇ ਆਧਿਆਪਕ ਜਮਾਤ ਵਿੱਚ ਚਰਚਾ ਕਰਨ।




*ਚਿੱਤਰ 4.4 ਵੱਖ-ਵੱਖ ਸੰਦ*

ਚਿੱਤਰ 4.4 ਵਿੱਚ ਵੱਖ-ਵੱਖ ਕਾਰੀਗਰਾਂ ਦੇ ਕੁੱਝ ਸੰਦ ਦਿੱਤੇ ਗਏ ਹਨ। ਹਰੇਕ ਸੰਦ ਨਾਲ ਉਸਦਾ ਨਾਮ ਲਿਖਿਆ ਗਿਆ ਹੈ। ਹੇਠਾਂ ਦਿੱਤੇ ਕਾਰੀਗਰਾਂ ਦੇ ਨਾਵਾਂ ਸਾਹਮਣੇ ਉਹਨਾਂ ਦੁਆਰਾ ਵਰਤੇ ਜਾਣ ਵਾਲੇ ਸੰਦਾਂ ਦੇ ਨਾਮ ਲਿਖੋ।

ਦਰਜ਼ੀ ______________________________

ਮੋਚੀ ______________________________

ਘੁਮਿਆਰ ______________________________

ਅਚਾਰ ਬਣਾਉਣ ਵਾਲਾ ______________________________

ਦਰੀਆਂ ਖੇਸ ਬੁਣਨ ਵਾਲਾ ______________________________

ਸਾਈਕਲ ਮੁਰੰਮਤ ਕਰਨ ਵਾਲਾ ______________________________

ਅਧਿਆਪਕ ਲਈ : ਵਿਦਿਆਰਥੀਆਂ ਨੂੰ ਕਿਸੇ ਮੁਰਗੀਆਂ ਪਾਲਣ ਵਾਲੇ ਜਾਂ ਸ਼ਹਿਦ ਦੀਆਂ ਮੱਖੀਆਂ ਪਾਲਣ ਵਾਲੇ ਨਾਲ ਮਿਲਾਇਆ ਜਾਵੇ। ਵਿਦਿਆਰਥੀਆਂ ਨੂੰ ਅਜਿਹਾ ਧੰਦਾ ਕਰਨ ਵਾਲੇ ਤੋਂ ਵੱਧ ਤੋਂ ਵੱਧ ਸਵਾਲ ਪੁੱਛਣ ਲਈ ਉਤਸ਼ਾਹਿਤ ਕੀਤਾ ਜਾਵੇ।

**ਪਾਠ - 5**

# ਜੰਤੂਆਂ ਦੀ ਦੁਨੀਆ

ਕਿਰਿਆ 1 : ਹੇਠ ਦਿੱਤੇ ਚਿੱਤਰ ਵਿੱਚ ਜੰਤੂਆਂ ਦੇ ਕੁੱਝ ਬੱਚੇ ਆਪਣੀਆਂ ਮਾਂਵਾਂ ਕੋਲੋਂ ਵਿੱਛੜ ਗਏ ਹਨ। ਆਓ ਬੱਚਿਆਂ ਨੂੰ ਇਹਨਾਂ ਦੀਆਂ ਮਾਂਵਾਂ ਨਾਲ ਮਿਲਾਈਏ



*ਚਿੱਤਰ 5.1 ਜੰਤੂ ਅਤੇ ਉਹਨਾਂ ਦੇ ਬੱਚੇ*

ਜਿਸ ਤਰ੍ਹਾਂ ਤੁਹਾਡੇ ਮਾਤਾ-ਪਿਤਾ ਤੁਹਾਡੀ ਦੇਖਭਾਲ ਕਰਦੇ ਹਨ। ਉਸੇ ਤਰ੍ਹਾਂ ਜੰਤੂ ਵੀ ਆਪਣੇ ਬੱਚਿਆਂ ਦੀ ਦੇਖਭਾਲ ਕਰਦੇ ਹਨ। ਬਹੁਤ ਸਾਰੇ ਪੰਛੀ ਆਪਣੇ ਬੱਚਿਆਂ ਦਾ ਪਾਲਣ-ਪੋਸ਼ਣ ਖ਼ੁਦ ਹੀ ਕਰਦੇ ਹਨ। ਤੁਸੀਂ ਕਬੂਤਰਾਂ ਅਤੇ ਚਿੜੀਆਂ ਨੂੰ ਆਪਣੇ ਬੱਚਿਆਂ ਦੀ ਦੇਖਭਾਲ ਕਰਦੇ ਹੋਏ ਦੇਖਿਆ ਹੋਵੇਗਾ। ਇਹ ਪੰਛੀ ਤੀਲੇ, ਘਾਹ, ਫੂਸ ਆਦਿ ਇਕੱਠਾ ਕਰਕੇ ਆਲ੍ਹਣਾ ਬਣਾਉਂਦੇ ਹਨ। ਆਂਡਿਆਂ ਵਿਚੋਂ ਨਿਕਲੇ ਇਹਨਾਂ ਦੇ ਛੋਟੇ ਬੱਚੇ ਬਹੁਤ ਕਮਜ਼ੋਰ ਹੁੰਦੇ ਹਨ। ਉਹਨਾਂ ਦੇ ਖੰਭ ਵੀ ਨਹੀਂ ਹੁੰਦੇ। ਚਿੜੀਆਂ ਅਤੇ ਕਬੂਤਰ ਆਪਣੇ ਬੱਚਿਆਂ ਲਈ ਉਸ ਵੇਲੇ ਤੱਕ ਭੋਜਨ ਜਿਸ ਨੂੰ ਅਸੀਂ ਚੋਗਾ ਵੀ ਕਹਿੰਦੇ ਹਾਂ, ਲਿਆਉਂਦੇ ਹਨ ਜਦੋਂ ਤੱਕ ਇਹ ਖੁਦ ਇਸ ਯੋਗ ਨਹੀਂ ਹੋ ਜਾਂਦੇ ਕਿ ਆਪਣੇ ਲਈ ਭੋਜਨ

ਤਲਾਸ਼ ਸਕਣ। ਜਦ ਤੱਕ ਬੱਚੇ ਉੱਡਣ ਯੋਗ ਨਹੀਂ ਹੋ ਜਾਂਦੇ, ਉਹਨਾਂ ਦੇ ਮਾਤਾ-ਪਿਤਾ ਉਹਨਾਂ ਦੀ ਖ਼ਰਾਬ ਮੌਸਮ ਅਤੇ ਦੁਸ਼ਮਣਾਂ ਤੋਂ ਰਾਖੀ ਕਰਦੇ ਹਨ। ਠੰਡ ਅਤੇ ਮੀਂਹ ਤੋਂ ਬਚਾਉਣ ਲਈ ਆਪਣੇ ਖੰਭਾਂ ਨਾਲ ਢਕ ਲੈਂਦੇ ਹਨ।

ਕਿਰਿਆ 2 : ਵਿਦਿਆਰਥੀ ਕਿਸੇ ਨੇੜੇ ਦੇ ਮੁਰਗੀਖਾਨੇ ਵਿਚ ਜਾਂ ਘਰਾਂ ਵਿਚ ਰੱਖੀਆਂ ਮੁਰਗੀਆਂ ਦੁਆਰਾ ਆਪਣੇ ਬੱਚਿਆਂ ਦੀ ਦੇਖਭਾਲ ਬਾਰੇ ਆਪਣੇ ਮਾਤਾ-ਪਿਤਾ ਜਾਂ ਅਧਿਆਪਕ ਨਾਲ ਜਾ ਕੇ ਜਾਣਕਾਰੀ ਹਾਸਲ ਕਰਨ। ਉੱਥੇ ਉਹਨਾਂ ਨੇ ਜੋ ਕੁੱਝ ਦੇਖਿਆ ਉਸ ਬਾਰੇ ਜਮਾਤ ਵਿੱਚ ਗੱਲਬਾਤ ਕਰਨ।

ਕਈ ਜੰਤੂ ਅਜਿਹੇ ਹਨ ਜੋ ਬੱਚਿਆਂ ਨੂੰ ਜਨਮ ਦਿੰਦੇ ਹਨ। ਅਜਿਹੇ ਜੰਤੂਆਂ ਨੂੰ ਥਣਧਾਰੀ ਜੰਤੂ ਆਖਦੇ ਹਨ। ਥਣਧਾਰੀ ਜੰਤੂਆਂ ਦੇ ਸਰੀਰ ਉੱਪਰ ਵਾਲ ਹੁੰਦੇ ਹਨ ਅਤੇ ਇਹਨਾਂ ਦੇ ਬਾਹਰੀ ਕੰਨ ਹੁੰਦੇ ਹਨ। ਇਹਨਾਂ ਦੇ ਨਵ-ਜੰਮੇ ਬੱਚੇ ਭੋਜਨ ਵਜੋਂ ਆਪਣੀ ਮਾਂ ਦਾ ਦੁੱਧ ਪੀਂਦੇ ਹਨ। ਕੁੱਝ ਜੰਤੂਆਂ ਦੇ ਬਾਹਰੀ ਕੰਨ ਨਹੀਂ ਹੁੰਦੇ ਜਿਵੇਂ ਰੀਂਗਣ ਵਾਲੇ ਜੰਤੂ ਸੱਪ ਅਤੇ ਕਿਰਲੀ ਆਦਿ ਵਿੱਚ। ਇਹਨਾਂ ਦੇ ਸਰੀਰ ਉੱਪਰ ਵਾਲ ਵੀ ਨਹੀਂ ਹੁੰਦੇ।

ਪ੍ਰਸ਼ਨ 1. ਤੁਸੀਂ ਕਿਹੜੇ-ਕਿਹੜੇ ਜੰਤੂਆਂ ਦੇ ਬੱਚਿਆਂ ਨੂੰ ਆਪਣੀ ਮਾਂ ਦਾ ਦੁੱਧ ਪੀਂਦੇ ਦੇਖਿਆ ਹੈ ? ਆਓ ਇਹਨਾਂ ਦੀ ਸੂਚੀ ਬਣਾਈਏ।

_______________________________________________

_______________________________________________

ਜੰਤੂ ਨਾ ਕੇਵਲ ਆਪਣੇ ਛੋਟੇ ਬੱਚਿਆਂ ਲਈ ਭੋਜਨ ਹੀ ਲਿਆਉਂਦੇ ਹਨ ਸਗੋਂ ਉਹਨਾਂ ਦੀ ਰਾਖੀ ਵੀ ਕਰਦੇ ਹਨ। ਜੇ ਉਹ ਆਪਣੇ ਬੱਚਿਆਂ ਲਈ ਖ਼ਤਰਾ ਮਹਿਸੂਸ ਕਰਨ ਤਾਂ ਉਹਨਾਂ ਦੇ ਬਚਾਅ ਵਿੱਚ ਹਮਲਾ ਵੀ ਕਰ ਸਕਦੇ ਹਨ। ਇਸ ਨੂੰ ਅਸੀਂ ਆਸਾਨੀ ਨਾਲ ਸਮਝ ਸਕਦੇ ਹਾਂ ਕਿ ਜਦੋਂ ਬਹੁਤ ਛੋਟੇ ਕਤੂਰਿਆਂ ਅਤੇ ਵੱਛਿਆਂ ਨੂੰ ਛੂਹਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਤਾਂ ਉਹਨਾਂ ਦੀ ਮਾਂ ਇਸ ਦਾ ਵਿਰੋਧ ਕਰਦੀ ਹੈ। ਸੋ, ਅਜਿਹੀ ਸਥਿਤੀ ਵਿਚ ਤੁਹਾਨੂੰ ਸਾਵਧਾਨ ਰਹਿਣਾ ਚਾਹੀਦਾ ਹੈ। ਜੇਕਰ ਤੁਹਾਡੇ ਘਰ ਵਿਚ ਵੀ ਕਿਸੇ ਜੰਤੂ ਨੇ ਬੱਚੇ ਨੂੰ ਜਨਮ ਦਿੱਤਾ ਹੈ ਤਾਂ ਤੁਹਾਨੂੰ ਆਪਣੇ ਵੱਡਿਆਂ ਨਾਲ ਹੀ ਉਸਦੇ ਨੇੜੇ ਜਾਣਾ ਚਾਹੀਦਾ ਹੈ।

ਤੁਹਾਨੂੰ ਪਤਾ ਹੀ ਹੈ ਕਿ ਜੰਤੂਆਂ ਵਾਂਗ ਉਹਨਾਂ ਦੇ ਬੱਚਿਆਂ ਲਈ ਵਿਸ਼ੇਸ਼ ਨਾਂ ਹਨ। ਆਓ ਹੇਠਾਂ ਜੰਤੂਆਂ ਅਤੇ ਉਹਨਾਂ ਦੇ ਬੱਚਿਆਂ ਲਈ ਵਰਤੇ ਜਾਂਦੇ ਸ਼ਬਦ ਲਿਖੀਏ : -

| | ਜੰਤੂ | ਬੱਚਾ |
|---|---|---|
| ਉਦਾਹਰਨ | ਗਾਂ | ਵੱਛਾ |
| | 1. _______ | _______ |
| | 2. _______ | _______ |
| | 3. _______ | _______ |
| | 4. _______ | _______ |

ਜ਼ਿਆਦਾਤਰ ਜੰਤੂ ਆਪਣੇ ਬੱਚਿਆਂ ਦੀ ਸਾਂਭ-ਸੰਭਾਲ ਕਰਦੇ ਹਨ ਪਰ ਕੁੱਝ ਜੰਤੂ ਅਜਿਹੇ ਵੀ ਹਨ ਜਿਹੜੇ ਆਪਣੇ ਬੱਚਿਆਂ ਦੀ ਦੇਖਭਾਲ ਨਹੀਂ ਕਰਦੇ। ਸੱਪ, ਮਗਰਮੱਛ, ਕਿਰਲੀ, ਡੱਡੂ, ਮੱਛੀ ਅਤੇ ਕੀਟ ਆਦਿ ਆਂਡੇ ਦੇਣ

ਲਈ ਸੁਰੱਖਿਅਤ ਜਗ੍ਹਾ ਤਾਂ ਬਣਾਉਂਦੇ ਹਨ ਪਰ ਆਪਣੇ ਬੱਚਿਆਂ ਲਈ ਭੋਜਨ ਦਾ ਪ੍ਰਬੰਧ ਜਾਂ ਉਹਨਾਂ ਦੀ ਸੁਰੱਖਿਆ ਲਈ ਕੁੱਝ ਨਹੀਂ ਕਰਦੇ।

ਹੇਠਾਂ ਕੁੱਝ ਜੰਤੂਆਂ ਦੇ ਨਾਮ ਦਿੱਤੇ ਹਨ। ਇਹਨਾਂ ਦੇ ਦੋ ਗਰੁੱਪ ਬਣਾਓ। ਪਹਿਲੇ ਗਰੁੱਪ ਵਿੱਚ ਉਹਨਾਂ ਜੰਤੂਆਂ ਦੇ ਨਾਂ ਲਿਖੋ ਜਿਹੜੇ ਆਂਡੇ ਦਿੰਦੇ ਹਨ ਅਤੇ ਦੂਸਰੇ ਗਰੁੱਪ ਵਿੱਚ ਉਹਨਾਂ ਜੰਤੂਆਂ ਦੇ ਨਾਂ ਲਿਖੋ ਜਿਹੜੇ ਬੱਚਿਆਂ ਨੂੰ ਜਨਮ ਦਿੰਦੇ ਹਨ :-

ਸ਼ੇਰ, ਚੀਤਾ, ਮੱਛੀ,ਹਿਰਨ, ਕਾਂ, ਬਿੱਲੀ, ਹਾਥੀ, ਕੀੜੀ, ਸੂਰ, ਕੋਇਲ, ਮੱਝ, ਤੋਤਾ ।

ਗਰੁੱਪ ਨੰ 1 : ____________________________________

ਗਰੁੱਪ ਨੰ 2 : ____________________________________

ਕਿਰਿਆ 3 : ਆਓ ਆਪਾਂ ਇਕ ਐਲਬਮ ਬਣਾਈਏ। ਇਕ ਸਧਾਰਨ ਕਾਪੀ ਲਉ। ਇਸ ਦੇ ਦੋ ਹਿੱਸੇ ਕਰ ਲਉ। ਪਹਿਲੇ ਹਿੱਸੇ ਵਿੱਚ ਉਹਨਾਂ ਜੰਤੂਆਂ ਦੀਆਂ ਤਸਵੀਰਾਂ ਚਿਪਕਾਓ ਜਿਹੜੇ ਆਪਣੇ ਬੱਚਿਆਂ ਦੀ ਦੇਖਭਾਲ ਕਰਦੇ ਹਨ ਅਤੇ ਐਲਬਮ ਦੇ ਦੂਸਰੇ ਹਿੱਸੇ ਵਿੱਚ ਉਹਨਾਂ ਦੀਆਂ ਤਸਵੀਰਾਂ ਚਿਪਕਾਉ ਜਿਹੜੇ ਆਪਣੇ ਬੱਚਿਆਂ ਦੀ ਦੇਖਭਾਲ ਨਹੀਂ ਕਰਦੇ। ਇਹ ਤਸਵੀਰਾਂਤੁਸੀਂ ਪੁਰਾਣੇ ਅਖ਼ਬਾਰਾਂ ਜਾਂ ਰਸਾਲਿਆਂ ਵਿਚੋਂ ਕੱਟ ਕੇ ਲਗਾ ਸਕਦੇ ਹੋ।

**ਪਾਠ - 6**

# ਗਿੰਨੀ ਅਤੇ ਮਿੰਨੀ


ਗਿੰਨੀ ਇਕ ਰੰਗ-ਬਰੰਗੀ ਸੁੰਦਰ ਤਿਤਲੀ ਹੈ। ਉਹ ਅੱਜ ਪਹਿਲੀ ਵਾਰ ਆਪਣੀ ਮਾਂ ਨਾਲ ਜੰਗਲ ਦੀ ਸੈਰ ਵਾਸਤੇ ਨਿੱਕਲੀ ਸੀ। ਚਾਰੇ ਪਾਸੇ ਬਹੁਤ ਸੁੰਦਰ ਫੁੱਲ ਖਿੜੇ ਹੋਏ ਸਨ। ਜਿਹਨਾਂ ਨੂੰ ਦੇਖ ਕੇ ਗਿੰਨੀ ਬਹੁਤ ਖ਼ੁਸ਼ ਹੋ ਰਹੀ ਸੀ। ਉਹ ਦੋਵੇਂ ਰਸ ਚੂਸਣ ਲਈ ਇਕ ਫੁੱਲ ਉੱਪਰ ਬੈਠ ਗਈਆਂ। ਗਿੰਨੀ ਫੁੱਲ ਉੱਪਰ ਇਕ ਭੂਰਾ ਜਿਹਾ ਜੀਵ ਦੇਖ ਕੇ ਡਰ ਗਈ। ਉਸਦੀ ਮਾਂ ਨੇ ਕਿਹਾ, "ਗਿੰਨੀ ਬੇਟਾ ਡਰਨ ਦੀ ਲੋੜ ਨਹੀਂ। ਇਹ ਸ਼ਹਿਦ ਦੀ ਮੱਖੀ ਹੈ, ਜੰਗਲ ਵਿੱਚ ਸਾਰੇ ਇਸ ਨੂੰ ਮਿੰਨੀ ਕਹਿੰਦੇ ਹਨ। ਇਹ ਵੀ ਆਪਣੇ ਵਾਂਗ ਫੁੱਲਾਂ ਦਾ ਰਸ ਚੂਸਣ ਆਈ ਹੈ। ਦੇਖੋ ਉਹ ਸਾਹਮਣੇ ਇਸਦਾ ਘਰ ਹੈ।"



*ਚਿੱਤਰ 6.1 ਮਧੂ-ਮੱਖੀਆਂ ਦਾ ਛੱਤਾ*

"ਇਹ ਕਿਹੋ ਜਿਹਾ ਘਰ ਹੈ!" ਗਿੰਨੀ ਤਿਤਲੀ ਬੜੀ ਹੈਰਾਨੀ ਨਾਲ ਵੇਖ ਰਹੀ ਸੀ। ਮਿੰਨੀ ਮੱਖੀ ਨੇ ਹੱਸਦਿਆਂ ਕਿਹਾ, "ਗਿੰਨੀ ਆ ਤੈਨੂੰ ਮੈਂ ਆਪਣਾ ਘਰ ਦਿਖਾਵਾਂ। ਇਸਨੂੰ ਛੱਤਾ ਕਹਿੰਦੇ ਹਨ। ਇਸ ਵਿੱਚ ਤਿੰਨ ਤਰ੍ਹਾਂ ਦੀਆਂ ਮੱਖੀਆਂ ਰਹਿੰਦੀਆਂ ਹਨ। ਹਰ ਛੱਤੇ ਵਿੱਚ ਇਕ ਰਾਣੀ ਮੱਖੀ ਹੁੰਦੀ ਹੈ। ਇਸਦਾ ਆਕਾਰ ਦੂਜਿਆਂ ਨਾਲੋਂ ਕੁੱਝ ਵੱਡਾ ਹੁੰਦਾ ਹੈ। ਰਾਣੀ ਮੱਖੀ ਆਂਡੇ ਦਿੰਦੀ ਹੈ। ਕੁੱਝ ਨਰ-ਮੱਖੀਆਂ ਹੁੰਦੀਆਂ ਹਨ। ਤੀਜੀ ਕਿਸਮ ਦੀਆਂ ਮੱਖੀਆਂ ਕੰਮ ਕਰਨ ਵਾਲੀਆਂ ਹੁੰਦੀਆਂ ਹਨ। ਇਹਨਾਂ ਨੂੰ ਕਾਮਾ ਮੱਖੀਆਂ ਵੀ ਕਿਹਾ ਜਾਂਦਾ ਹੈ। ਇਹਨਾਂ ਦਾ ਕੰਮ ਛੱਤਾ ਬਣਾਉਣਾ ਅਤੇ ਫੁੱਲਾਂ ਦੇ ਰਸ ਤੋਂ ਸ਼ਹਿਦ ਬਨਾਉਣਾ ਹੈ।"

ਗਿੰਨੀ ਤਿਤਲੀ ਨੇ ਹੈਰਾਨੀ ਨਾਲ ਆਪਣੀ ਮਾਂ ਕੋਲੋਂ ਪੁੱਛਿਆ, "ਇਹ ਸਾਰੇ ਇਕੱਠੇ ਹੀ ਰਹਿੰਦੇ ਹਨ?" ਉਸਦੀ ਮਾਂ ਨੇ ਕਿਹਾ, "ਜੰਗਲ ਵਿੱਚ ਹੋਰ ਵੀ ਬਹੁਤ ਸਾਰੇ ਜਾਨਵਰ ਹਨ, ਜੋ ਇਕੱਠੇ ਰਹਿੰਦੇ ਹਨ, ਆ ਵਿਖਾਵਾਂ।" ਉਸਦੀ ਮਾਂ ਨੇ ਜਾਨਵਰਾਂ ਦੇ ਇਕ ਝੁੰਡ ਵੱਲ ਇਸ਼ਾਰਾ ਕਰਦਿਆਂ ਕਿਹਾ, "ਗਿੰਨੀ ਪੁੱਤਰ ਇਹ ਘੋੜੇ ਹਨ। ਇਹ ਵੀ ਰਲ-ਮਿਲ ਕੇ ਰਹਿੰਦੇ ਹਨ।"



*ਚਿੱਤਰ 6.2 ਘੋੜਿਆਂ ਦਾ ਝੁੰਡ*

ਉਹ ਦੇਖ ਉਹ ਹੈ ਛੋਟਾ ਚੇਤਕ। ਚੇਤਕ ਹਾਲੇ ਇਕ ਸਾਲ ਦਾ ਹੈ ਪਰ ਬਹੁਤ ਪਿਆਰਾ ਹੈ। ਉਸਦੇ ਸਾਥੀ ਘੋੜੇ ਉਸਨੂੰ ਬਹੁਤ ਪਿਆਰ ਕਰਦੇ ਹਨ। ਅੱਜ ਉਹ ਬਹੁਤ ਖ਼ੁਸ਼ ਹੈ। ਉਸਨੇ ਆਪਣੇ ਦੋਸਤਾਂ ਨਾਲ ਖ਼ੂਬ ਦੌੜਾਂ ਲਗਾਈਆਂ ਹਨ। ਹਰ ਵਾਰੀ ਚੇਤਕ ਹੀ ਜਿੱਤਿਆ ਹੈ। ਉਸਦੇ ਦੋਸਤ ਹਾਲੇ ਹੋਰ ਅੱਗੇ ਤੱਕ ਜੰਗਲ ਵਿੱਚ ਦੌੜਨਾ ਚਾਹੁੰਦੇ ਸਨ ਪਰ ਚੇਤਕ ਵਾਪਸ ਮੁੜਨਾ ਚਾਹੁੰਦਾ ਸੀ। ਚੇਤਕ ਨੂੰ ਪਤਾ ਸੀ ਕਿ ਜੇ ਉਹ ਆਪਣੇ ਝੁੰਡ ਵਿੱਚ ਵਾਪਸ ਨਾ ਗਏ ਤਾਂ ਸਾਰਿਆਂ ਨੂੰ ਚਿੰਤਾ ਹੋ ਜਾਵੇਗੀ। ਹੁਣ ਉਹਨਾਂ ਨੂੰ ਭੁੱਖ ਵੀ ਲੱਗ ਚੁੱਕੀ ਸੀ। ਇਸ ਕਰਕੇ ਉਹਨਾਂ ਨੂੰ ਆਪਣੇ ਝੁੰਡ ਵਿੱਚ ਵਾਪਸ ਆਉਣਾ ਹੀ ਪੈਣਾ ਸੀ। ਘਾਹ ਚਰਨ ਜਾਂ ਪਾਣੀ ਪੀਣ, ਉਹਨਾਂ ਦਾ ਸਾਰਾ ਝੁੰਡ ਇਕੱਠਾ ਹੀ ਜਾਂਦਾ ਹੈ। ਕਿਸ ਪਾਸੇ ਜਾਣਾ ਹੈ ? ਕਿਸ ਰਸਤੇ ਜਾਣਾ ਹੈ ? ਇਹ ਸਾਰੇ ਫੈਸਲੇ ਚੇਤਕ ਦੀ ਮਾਂ ਕਰਦੀ ਹੈ। ਉਹ ਆਪਣੇ ਝੁੰਡ ਦੀ ਆਗੂ ਹੈ ਕਿਉਂਕਿ ਉਹ ਸਭ ਤੋਂ ਵੱਡੀ ਹੈ।

ਕੀ ਤੁਸੀਂ ਜਾਣਦੇ ਹੋ ਕਿ ਘੋੜਾ ਨਾ ਕੇਵਲ ਆਪਣੇ ਸਾਥੀ ਘੋੜਿਆਂ ਨਾਲ ਸਗੋਂ ਹੋਰ ਕਈ ਜਾਨਵਰਾਂ ਅਤੇ ਮਨੁੱਖਾਂ ਨਾਲ ਵੀ ਰਲ ਮਿਲ ਕੇ ਰਹਿ ਸਕਦਾ ਹੈ। ਉਹ ਬਹੁਤ ਹੀ ਸਮਝਦਾਰ ਅਤੇ ਵਫਾਦਾਰ ਜਾਨਵਰ ਹੈ। ਉਸਦੀ ਯਾਦ-ਸ਼ਕਤੀ ਕਮਾਲ ਦੀ ਹੈ।

ਚੇਤਕ ਆਪਣੇ ਸਾਥੀਆਂ ਨਾਲ ਦੌੜਨਾ ਪਸੰਦ ਕਰਦਾ ਹੈ। ਤੁਸੀਂ ਆਪਣੇ ਦੋਸਤਾਂ ਨਾਲ ਕੀ ਖੇਡਣਾ ਪਸੰਦ ਕਰਦੇ ਹੋ ?

ਗਿੰਨੀ ਨੇ ਦੂਸਰੇ ਪਾਸੇ ਇਸ਼ਾਰਾ ਕਰਦਿਆਂ ਕਿਹਾ, "ਮੰਮੀ ਉਹ ਦੇਖੋ ਕਿਹੋ ਜਿਹੇ ਘੋੜੇ !" ਉਸਦੀ ਮਾਂ ਨੇ ਕਿਹਾ, "ਨਹੀਂ ਪੁੱਤਰ ਇਹ ਘੋੜੇ ਨਹੀਂ, ਕਾਲੇ ਹਿਰਨ ਹਨ। ਇਹ ਵੀ ਝੁੰਡ ਵਿੱਚ ਰਹਿੰਦੇ ਹਨ। ਇਹ ਹੁਣ ਬਹੁਤ ਥੋੜ੍ਹੇ ਰਹਿ ਗਏ ਹਨ। ਇਸਦਾ ਕਾਰਨ ਸ਼ਿਕਾਰੀਆਂ ਦੁਆਰਾ ਇਹਨਾਂ ਦਸ਼ਿਕਾਰ ਅਤੇ ਭੋਜਨ ਦੀ ਘਾਟ ਹੈ।"



*ਚਿੱਤਰ 6.3 ਹਿਰਨਾਂ ਦਾ ਝੁੰਡ*

ਕੀ ਤੁਸੀਂ ਜਾਣਦੇ ਹੋ ਕਿ ਕਾਲਾ ਹਿਰਨ ਪੰਜਾਬ ਦਾ ਰਾਜ ਪਸ਼ੂ ਹੈ।

ਅਧਿਆਪਕ ਲਈ: ਅਧਿਆਪਕ ਜਮਾਤ ਵਿੱਚ ਚਰਚਾ ਕਰੇ ਕਿ ਨਾ ਕੇਵਲ ਕਾਲਾ ਹਿਰਨ ਸਗੋਂ ਹੋਰ ਵੀ ਬਹੁਤ ਸਾਰੇ ਜਾਨਵਰਾਂ ਦੀ ਗਿਣਤੀ ਘਟ ਰਹੀ ਹੈ। ਇਸਦੇ ਕਾਰਨਾਂ ਵਿੱਚ ਇਹਨਾਂ ਦਾ ਅੰਨ੍ਹੇਵਾਹ ਸ਼ਿਕਾਰ ਕਰਨਾ ਅਤੇ ਜੰਗਲਾਂ ਦਾ ਨਾਸ਼ ਹੈ। ਇਹਨਾਂ ਦੇ ਚਰਨ ਲਈ ਚਰਾਗਾਹਾਂ ਅਤੇ ਨਿਵਾਸ – ਸਥਾਨ ਦੀ ਘਾਟ ਹੋ ਰਹੀ ਹੈ।

ਹਾਥੀ ਵੀ ਇਕ ਅਜਿਹਾ ਜਾਨਵਰ ਹੈ ਜਿਹੜਾ ਝੁੰਡ ਬਣਾ ਕੇ ਰਹਿੰਦਾ ਹੈ। ਘੋੜੇ ਵਾਂਗ ਇਸਦੀ ਵੀ ਮਨੁੱਖ ਨਾਲ ਸਾਂਝ ਬਹੁਤ ਪੁਰਾਣੀ ਹੈ। ਪੁਰਾਣੇ ਸਮਿਆਂ ਵਿੱਚ ਸਵਾਰੀ ਕਰਨ ਲਈ ਘੋੜਾ ਅਤੇ ਹਾਥੀ ਮਨੁੱਖ ਦੀ ਪਹਿਲੀ ਪਸੰਦ ਸਨ। ਬਹੁਤ ਸਾਰੇ ਰਾਜੇ–ਮਹਾਰਾਜੇ ਹਾਥੀ ਅਤੇ ਘੋੜੇ ਬੜੇ ਸ਼ੌਕ ਨਾਲ ਪਾਲਿਆ ਕਰਦੇ ਸਨ। ਊਠ ਵੀ ਝੁੰਡਾਂ ਵਿੱਚ ਰਹਿਣਾ ਪਸੰਦ ਕਰਦਾ ਹੈ।

ਪ੍ਰਸ਼ਨ 1. ਕੀ ਤੁਸੀਂ ਕਿਸੇ ਜਾਨਵਰ ਦੀ ਸਵਾਰੀ ਕੀਤੀ ਹੈ ? ਸਵਾਰੀ ਕਰਕੇ ਤੁਹਾਨੂੰ ਕਿਵੇਂ ਲੱਗਿਆ ?

________________________________________

________________________________________


ਤੁਸੀਂ ਜਾਣ ਹੀ ਚੁੱਕੇ ਹੋ ਕਿ ਬਹੁਤ ਸਾਰੇ ਜਾਨਵਰ ਝੁੰਡ ਬਣਾਕੇ ਇਕੱਠੇ ਰਹਿਣਾ ਪਸੰਦ ਕਰਦੇ ਹਨ। ਕੀ ਤੁਸੀਂ ਦੱਸ ਸਕਦੇ ਹੋ ਕਿ ਜਾਨਵਰ ਝੁੰਡ ਬਣਾਕੇ ਕਿਉਂ ਰਹਿੰਦੇ ਹਨ ? ਜੇ ਉਹ ਜੰਗਲ ਵਿੱਚ ਝੁੰਡ ਬਣਾ ਕੇ ਨਾ ਰਹਿਣ ਤਾਂ ਸੋਚੋ ਕੀ ਹੋਵੇਗਾ ?


ਪ੍ਰਸ਼ਨ 2. ਅਜਿਹੇ ਹੋਰ ਕਿਹੜੇ–ਕਿਹੜੇ ਜਾਨਵਰ ਹਨ ਜਿਹੜੇ ਝੁੰਡਾਂ ਵਿੱਚ ਰਹਿੰਦੇ ਹਨ ? ਉਨ੍ਹਾਂ ਦੇ ਨਾਂ ਲਿਖੋ।

________________________________________

ਅਸੀਂ ਕੁੱਝ ਜਾਨਵਰਾਂ ਦੇ ਸੁਭਾਅ ਬਾਰੇ ਜਾਣਿਆ ਕਿ ਉਹ ਝੁੰਡਾਂ ਵਿਚ ਰਹਿੰਦੇ ਹਨ। ਆਓ ਕੁੱਝ ਹੋਰ ਜਾਨਵਰਾਂ ਦੇ ਸੁਭਾਅ ਬਾਰੇ ਜਾਣੀਏ। ਕਈ ਜਾਨਵਰ ਸੁਭਾਅ ਤੋਂ ਸੰਕੋਚੀ ਜਾਂ ਡਰਪੋਕ ਹੁੰਦੇ ਹਨ। ਇਹ ਕਿਸੇ ਵੀ ਅਨਜਾਣ ਚੀਜ਼ ਜਾਂ ਮਨੁੱਖ ਨੂੰ ਦੇਖਦਿਆਂ ਹੀ ਉੱਥੋਂ ਦੌੜ ਜਾਂਦੇ ਹਨ। ਇਸ ਤਰ੍ਹਾਂ ਦੇ ਕੁੱਝ ਜਾਨਵਰਾਂ ਦੇ ਚਿੱਤਰ ਹੇਠਾਂ ਦਿੱਤੇ ਹਨ। ਚਿੱਤਰਾਂ ਦੇ ਹੇਠਾਂ ਉਹਨਾਂ ਦੇ ਨਾਂ ਲਿਖੋ ?







*ਚਿੱਤਰ 6.4 ਸੰਕੋਚੀ ਜਾਨਵਰ*

ਕੀ ਤੁਸੀਂ ਕਿਸੇ ਹੋਰ ਜਾਨਵਰ ਦੇ ਸੁਭਾਅ ਬਾਰੇ ਕੁੱਝ ਜਾਣਦੇ ਹੋ ? ਜੇ ਹਾਂ ਤਾਂ ਲਿਖੋ ਕਿ ਉਸਦਾ ਸੁਭਾਅ ਕਿਹੋ ਜਿਹਾ ਹੈ ?

| | ਨਾਮ | ਸੁਭਾਅ |
|---|---|---|
| ਉਦਾਹਰਨ | ਬਾਂਦਰ | ਨਕਲਚੀ |
| | __________ | __________ |
| | __________ | __________ |
| | __________ | __________ |

ਪਾਠ 7

# ਰਾਜਾ ਅਤੇ ਰੁੱਖ

ਪਿੰਡ ਦੇ ਸਕੂਲ ਵਿੱਚ ਨਵੀਆਂ ਵੋਟਾਂ ਬਣਾਉਣ ਵਾਲੇ ਆਏ ਹੋਏ ਹਨ। ਇਸ ਲਈ ਸਕੂਲ ਦੇ ਖੇਡ ਦੇ ਮੈਦਾਨ ਵਿੱਚ ਲੋਕ ਆ ਜਾ ਰਹੇ ਹਨ। ਸਕੂਲ ਵਿੱਚ ਕ੍ਰਿਕਟ ਖੇਡਣ ਆਏ ਬੱਚੇ ਭੀੜ ਵੇਖ ਕੇ ਵਾਪਸ ਚਲੇ ਗਏ।

ਉਹ ਖੇਡਣ ਦੇ ਇਰਾਦੇ ਨਾਲ ਧਰਮਸ਼ਾਲਾ ਕੋਲ ਪਈ ਖਾਲੀ ਥਾਂ ਵਿੱਚ ਚਲੇ ਗਏ। ਉੱਥੇ ਕਈ ਛੋਟੇ-ਛੋਟੇ ਪੌਦੇ ਉੱਗੇ ਹੋਏ ਸਨ। ਖੇਡਣ ਲਈ ਥਾਂ ਸਾਫ ਕਰਨ ਲਈ ਉਹਨਾਂ ਨੇ ਛੋਟੇ-ਛੋਟੇ ਪੌਦੇ ਪੁੱਟ ਦਿੱਤੇ। ਉੱਥੇ ਅਮਰੂਦ ਦਾ ਇੱਕ ਰੁੱਖ ਵੀ ਸੀ। ਬੱਚੇ ਉਸਨੂੰ ਵੀ ਜ਼ਮੀਨ ਵਿੱਚੋਂ ਬਾਹਰ ਖਿੱਚਣ ਲਈ ਜ਼ੋਰ ਲਗਾਉਣ ਲੱਗੇ। ਪਰ ਅਮਰੂਦ ਨੂੰ ਨਾ ਪੁੱਟ ਸਕੇ। ਉੱਥੇ ਇੱਕ ਬਜ਼ੁਰਗ ਆਦਮੀ ਆ ਗਿਆ।

"ਪੁੱਤਰੋ ਕੀ ਕਰ ਰਹੇ ਹੋ ?" ਬਜ਼ੁਰਗ ਬੋਲਿਆ।

"ਬਾਬਾ ਜੀ, ਅਸੀ ਇਥੇ ਖੇਡਣਾ ਹੈ, ਇਹ ਅਮਰੂਦ ਮੈਦਾਨ ਦੇ ਵਿਚਾਲੇ ਹੈ। ਅਸੀਂ ਬੜਾ ਜ਼ੋਰ ਲਾਇਆ ਪਰ ਇਹ ਸਾਡੇ ਤੋਂ ਪੁੱਟਿਆ ਨਹੀਂ ਜਾਂਦਾ।" ਲਵਪ੍ਰੀਤ ਨੇ ਸਾਰਾ ਕੁੱਝ ਇੱਕੋ ਸਾਹ ਦੱਸ ਦਿੱਤਾ।

ਬਜ਼ੁਰਗ ਨੇ ਬੱਚਿਆਂ ਨੂੰ ਸਮਝਾਉਣਾ ਸ਼ੁਰੂ ਕੀਤਾ, "ਪੁੱਤਰੋ ਪਹਿਲੀ ਗੱਲ, ਰੁੱਖ ਪੁੱਟਣਾ ਬਹੁਤ ਮਾੜੀ ਗੱਲ ਹੈ। ਬੱਚਿਓ, ਰੁੱਖ ਨਹੀਂ ਤਾਂ ਮਨੁੱਖ ਨਹੀਂ, ਇਹ ਗੱਲ ਹੁਣੇ ਸਮਝ ਲਵੋ। ਦੂਸਰੀ ਗੱਲ, ਅਮਰੂਦ ਦੇ ਰੁੱਖ ਨੂੰ ਉਸਦੀਆਂ ਜੜ੍ਹਾਂ ਨੇ ਮਜ਼ਬੂਤੀ ਨਾਲ ਜਕੜਿਆ ਹੋਇਆ ਹੈ।

"ਜੜ੍ਹਾਂ ਨੇ! ਜੜ੍ਹਾਂ ਕੀ ਹੁੰਦੀਆਂ ਨੇ ਬਾਬਾ ਜੀ ?" ਇੱਕ ਬੱਚਾ ਬੋਲਿਆ।

"ਰੁੱਖਾਂ ਦੀਆਂ ਜੜ੍ਹਾਂ ਜ਼ਮੀਨ ਵਿੱਚ ਹੁੰਦੀਆਂ ਹਨ। ਇਹ ਮਿੱਟੀ ਨੂੰ ਮਜ਼ਬੂਤੀ ਨਾਲ ਜਕੜ ਲੈਂਦੀਆਂ ਹਨ," ਬਜ਼ੁਰਗ ਬੋਲਿਆ।

"ਕੀ ਇਹ ਪੌਦੇ ਜੜ੍ਹਾਂ ਤੋਂ ਬਗੈਰ ਸਨ ?" ਪੁੱਟ ਕੇ ਸੁੱਟੇ ਪੌਦਿਆਂ ਵੱਲ ਇਸ਼ਾਰਾ ਕਰਦਿਆਂ ਤੀਰਥ ਨੇ ਪੁੱਛਿਆ।



*ਚਿੱਤਰ 7.1 ਰੁੱਖ ਦੀਆਂ ਜੜ੍ਹਾਂ*

"ਨਹੀਂ ਬੱਚਿਓ, ਇਹ ਪੌਦੇ ਬਹੁਤ ਛੋਟੇ ਹਨ। ਇਹਨਾਂ ਦੀਆਂ ਜੜ੍ਹਾਂ ਛੋਟੀਆਂ ਹਨ। ਜਿਵੇਂ-ਜਿਵੇਂ ਪੌਦਾ ਵੱਡਾ ਹੋ ਕੇ ਰੁੱਖ ਬਣਦਾ ਹੈ ਉਸਦੀਆਂ ਜੜ੍ਹਾਂ ਧਰਤੀ ਵਿੱਚ ਫੈਲ ਜਾਂਦੀਆਂ ਹਨ।" ਇਸ ਨਾਲ ਰੁੱਖ ਦੀ ਪਕੜ ਹੋਰ ਮਜ਼ਬੂਤ ਹੋ ਜਾਂਦੀ ਹੈ ਅਤੇ ਰੁੱਖ ਨੂੰ ਅਸਾਨੀ ਨਾਲ ਪੁੱਟਿਆ ਨਹੀਂ ਜਾ ਸਕਦਾ।" ਬਜ਼ੁਰਗ ਆਦਮੀ ਨੇ ਜਵਾਬ ਦਿੱਤਾ।

"ਬਾਬਾ ਜੀ, ਜੜ੍ਹਾਂ ਹੋਰ ਕੀ ਕਰਦੀਆਂ ਹਨ।" ਸੁੱਖੇ ਨੇ ਪੁੱਛਿਆ।

"ਜਦੋਂ ਅਸੀਂ ਰੁੱਖ ਨੂੰ ਪਾਣੀ ਦਿੰਦੇ ਹਾਂ, ਜੜ੍ਹਾਂ ਉਸ ਪਾਣੀ ਨੂੰ ਸੋਖ ਲੈਂਦੀਆਂ ਹਨ। ਇਸ ਨਾਲ ਰੁੱਖ ਵੱਧਦਾ ਫੁੱਲਦਾ ਹੈ।" ਬਜ਼ੁਰਗ ਨੇ ਜਵਾਬ ਦਿੱਤਾ।

ਕਿਰਿਆ 1 :ਆਲੇ ਦੁਆਲੇ ਕੁੱਝ ਅਜਿਹੇ ਵੱਡੇ ਰੁੱਖ ਲੱਭੋ ਜਿਹਨਾਂ ਨੂੰ ਕੋਈ ਪਾਣੀ ਨਹੀਂ ਪਾਉਂਦਾ।

ਅਧਿਆਪਕ ਲਈ :ਅਧਿਆਪਕ ਜਮਾਤ ਵਿੱਚ ਵਿਦਿਆਰਥੀਆਂ ਨੂੰ ਦੱਸੇਗਾ ਕਿ ਅਜਿਹੇ ਰੁੱਖ ਪਾਣੀ ਕਿੱਥੋਂ ਪ੍ਰਾਪਤ ਕਰਦੇ ਹਨ।

ਪ੍ਰਸ਼ਨ 1. ਰੁੱਖ ਦਾ ਕਿਹੜਾ ਹਿੱਸਾ ਪਾਣੀ ਨੂੰ ਸੋਖਦਾ ਹੈ ?

_______________________________________________

ਪ੍ਰਸ਼ਨ 2. ਅਮਰੂਦ ਦਾ ਦਰੱਖਤ ਪੁੱਟਿਆ ਕਿਉਂ ਨਹੀਂ ਗਿਆ ?

_______________________________________________

ਪ੍ਰਸ਼ਨ 3. ਜੇ ਪੌਦਿਆਂ ਨੂੰ ਪਾਣੀ ਨਾ ਦੇਈਏ ਤਾਂ ਕੀ ਹੋਵੇਗਾ ?

_______________________________________________


_______________________________________________

ਕਿਰਿਆ 2 :ਆਪਣੇ ਸਕੂਲ ਵਿੱਚ ਲੱਗੇ ਰੁੱਖ ਪਹਿਚਾਣੋ ਅਤੇ ਉਹਨਾਂ ਵਿੱਚੋਂ ਸਭ ਤੋਂ ਪੁਰਾਣਾ ਰੁੱਖ ਲੱਭ ਕੇ ਉਸ ਬਾਰੇ ਹੇਠਾਂ ਪੁੱਛੀ ਜਾਣਕਾਰੀ ਲਿਖੋ।

ਰੁੱਖ ਦਾ ਨਾਮ______________ਅੰਦਾਜ਼ਨ ਕਿੰਨਾ ਪੁਰਾਣਾ ਹੈ ______________

### ਕੀ ਤੁਸੀਂ ਜਾਣਦੇ ਹੋ ?

ਰੁੱਖ ਦੀ ਇੱਕ ਜੜ੍ਹ ਬਾਕੀ ਜੜ੍ਹਾਂ ਨਾਲੋ ਮੋਟੀ ਹੁੰਦੀ ਹੈ। ਇਹ ਧਰਤੀ ਵਿੱਚ ਸਿੱਧੀ ਜਾਂਦੀ ਹੈ। ਬਾਕੀ ਜੜ੍ਹਾਂ ਇਸ ਵਿੱਚੋਂ ਟਾਹਣੀਆਂ ਵਾਂਗ ਨਿਕਲਦੀਆਂ ਹਨ। ਇਸ ਜੜ੍ਹ ਨੂੰ ਮੂਸਲ ਜੜ੍ਹ ਕਹਿੰਦੇ ਹਨ।



*ਚਿੱਤਰ 7.2 ਮੂਸਲ ਜੜ੍ਹ*

ਬਜ਼ੁਰਗ ਬੱਚਿਆਂ ਨਾਲ ਗੱਲਬਾਤ ਕਰਕੇ ਬੜਾ ਖੁਸ਼ ਹੋ ਗਿਆ। ਉਸਨੇ ਬੱਚਿਆਂ ਨੂੰ ਕਿਹਾ, "ਕੀ ਮੈਂ ਤੁਹਾਨੂੰ ਇੱਕ ਕਹਾਣੀ ਸੁਣਾਵਾਂ।"

"ਹਾਂ-ਹਾਂ" ਸਾਰੇ ਬੱਚੇ ਇਕੱਠੇ ਬੋਲ ਪਏ।

ਬੜੀ ਪੁਰਾਣੀ ਗੱਲ ਹੈ। ਇੱਕ ਰਾਜਾ ਆਰਾਮ ਕਰਨ ਲਈ ਇੱਕ ਰੁੱਖ ਹੇਠਾਂ ਬੈਠ ਗਿਆ। ਉਸ ਰੁੱਖ ਉੱਪਰ ਇੱਕ ਤੋਤਾ ਬੈਠਾ ਸੀ। ਤੋਤੇ ਨੇ ਰਾਜੇ ਉੱਪਰ ਬੇਰ ਟੁੱਕ ਕੇ ਸੁੱਟ ਦਿੱਤੇ। ਰਾਜੇ ਨੂੰ ਗੁੱਸਾ ਆ ਗਿਆ। ਉਸਨੇ ਤੋਤੇ ਵੱਲ ਤੀਰ ਚਲਾਇਆ। ਪ੍ਰੰਤੂ ਤੀਰ ਰੁੱਖ ਦੀਆਂ ਟਾਹਣੀਆਂ ਵਿੱਚ ਫਸ ਗਿਆ। ਰਾਜੇ ਨੂੰ ਰੁੱਖ ਉੱਤੇ ਵੀ ਗੁੱਸਾ ਆ ਗਿਆ। ਮੂਰਖ ਰਾਜੇ ਨੇ ਆਪਣੇ ਰਾਜ ਵਿਚਲੇ ਸਾਰੇ ਰੁੱਖ ਕਟਵਾ ਦਿੱਤੇ। ਉਸ ਤੋਂ ਬਾਅਦ ਉੱਥੇ ਮੀਂਹ ਪੈਣਾ ਬੰਦ ਹੋ ਗਿਆ। ਕੁੱਝ ਕੁ ਸਾਲਾਂ ਵਿੱਚ ਭੋਜਨ ਪਦਾਰਥਾਂ ਦੀ ਘਾਟ ਹੋ ਗਈ ਲੋਕ ਭੁੱਖੇ ਮਰਨ ਲੱਗੇ। ਲੋਕ ਦੂਰ ਦੁਰਾਡੇ ਦੇ ਸਥਾਨਾਂ ਵੱਲ ਜਾਣ ਲੱਗ ਪਏ। ਰਾਜਾ ਵੀ ਆਪਣੇ ਪਰਿਵਾਰ ਨਾਲ ਇੱਕ ਜੰਗਲ ਵਿੱਚ ਪਹੁੰਚ ਗਿਆ। ਉੱਥੇ ਉਨ੍ਹਾਂ ਨੂੰ ਕੁੱਝ ਨਜ਼ਰ ਨਾ ਆਇਆ ਜਿਸਨੂੰ ਖਾ ਕੇ ਭੁੱਖ ਮਿਟਾ ਲੈਣ।

ਘੁੰਮਦੇ-ਘੁੰਮਦੇ ਉਨ੍ਹਾਂ ਨੂੰ ਇੱਕ ਸਾਧੂ ਮਿਲ ਗਿਆ। ਰਾਜੇ ਨੇ ਉਸ ਨੂੰ ਸਾਰੀ ਘਟਨਾ ਦੱਸੀ। ਸਾਧੂ ਨੇ ਰਾਜੇ ਨੂੰ ਸਮਝਾਇਆ ਕਿ ਰੁੱਖ ਕਟਵਾਉਣਾ ਤੁਹਾਡੀ ਸਭ ਤੋਂ ਵੱਡੀ ਗਲਤੀ ਸੀ। ਰੁੱਖ ਕੱਟਣ ਕਾਰਨ ਹੀ ਵਰਖਾ ਨਹੀਂ ਹੋਈ। ਸਾਧੂ ਨੇ ਉਨ੍ਹਾਂ ਨੂੰ ਕਿਹਾ ਕਿ ਜੰਗਲ ਵਿੱਚ ਹਾਲੇ ਕੋਈ ਫਲ ਖਾਣ ਯੋਗ ਨਹੀਂ ਹੈ ਤੁਸੀ ਜੜ੍ਹ ਖਾ ਲਓ। ਰਾਜੇ ਨੇ ਸਾਧੂ ਨੂੰ ਪੁੱਛਿਆ, "ਜੜ੍ਹਾਂ! ਮੈ ਸਮਝਿਆ ਨਹੀਂ ?" ਸਾਧੂ ਨੇ ਦੱਸਿਆ, "ਕੁਝ ਜੜ੍ਹਾਂ ਖਾਣ ਯੋਗ ਹੁੰਦੀਆਂ ਹਨ। ਮੇਰੇ ਕੋਲ ਸ਼ਤਾਵਰੀ ਝਾੜ੍ਹੀ ਦੀਆਂ ਜੜ੍ਹਾਂ ਅਤੇ ਸ਼ੱਕਰਕੰਦ ਹੈ। ਤੁਸੀਂ ਇਹਨਾਂ ਨੂੰ ਉਬਾਲ ਕੇ ਖਾ ਸਕਦੇ ਹੋ।" ਇਸ ਤਰ੍ਹਾਂ ਰਾਜੇ ਦਾ ਪਰਿਵਾਰ ਜੰਗਲ ਵਿੱਚ ਜੜ੍ਹਾਂ ਖਾ ਕੇ ਗੁਜ਼ਾਰਾ ਕਰਨ ਲੱਗਾ। ਉਹ ਜੰਗਲ ਨੇੜੇ ਹੀ ਰਹਿਣ ਲੱਗ ਪਏ। ਰਾਜਾ ਰੁੱਖ ਕਟਵਾਉਣ ਦੇ ਆਪਣੇ ਫ਼ੈਸਲੇ ਉੱਪਰ ਬਹੁਤ ਪਛਤਾਇਆ। ਉਸਨੂੰ ਸਮਝ ਆ ਗਈ ਕਿ ਰੁੱਖ ਦੀਆਂ ਤਾਂ ਜੜ੍ਹਾਂ ਵੀ ਇਨਸਾਨ ਦੀ ਭਲਾਈ ਕਰਦੀਆਂ ਹਨ।

ਪ੍ਰਸ਼ਨ 4. ਅਧਿਆਪਕ ਤੋਂ ਪੁੱਛੋ ਕਿ ਰੁੱਖ ਮੀਂਹ ਲਿਆਉਣ ਵਿੱਚ ਕਿਸ ਤਰ੍ਹਾਂ ਮਦਦ ਕਰਦੇ ਹਨ ?

______________________________

______________________________

ਪ੍ਰਸ਼ਨ 5. ਮੁਸੀਬਤ ਵੇਲੇ ਰਾਜੇ ਦੇ ਪਰਿਵਾਰ ਨੇ ਜੰਗਲ ਵਿੱਚ ਕਿਹੜੀਆਂ ਜੜ੍ਹਾਂ ਖਾਧੀਆਂ ?

______________________________

______________________________


ਪ੍ਰਸ਼ਨ 6. ਆਪਣੇ ਅਧਿਆਪਕ ਤੋਂ ਕੁਝ ਅਜਿਹੇ ਪੌਦਿਆਂ ਦੇ ਨਾਮ ਪਤਾ ਕਰੋ ਜਿਨ੍ਹਾਂ ਦੀਆਂ ਜੜ੍ਹਾਂ ਖਾਣ ਯੋਗ ਹੁੰਦੀਆਂ ਹਨ ?

______________________________

______________________________


### ਕੀ ਤੁਸੀਂ ਜਾਣਦੇ ਹੋ ?

ਕਚਾਲੂ ਇੱਕ ਅਜਿਹੀ ਜੜ੍ਹ ਹੈ ਜੋ ਆਕਾਰ ਵਿੱਚ ਬਹੁਤ ਵੱਡੀ ਅਤੇ ਮੋਟੀ ਹੁੰਦੀ ਹੈ ਇਸਦੀ ਚਾਟ ਬਣਾ ਕੇ ਖਾਧੀ ਜਾਂਦੀ ਹੈ।



*ਚਿੱਤਰ 7.3 ਕਚਾਲੂ*

ਕੁੱਝ ਪੌਦਿਆਂ ਦੀਆਂ ਜੜ੍ਹਾਂ ਅਸੀਂ ਸਬਜ਼ੀਆਂ ਦੇ ਰੂਪ ਵਿੱਚ ਖਾਂਦੇ ਹਾਂ। ਅਜਿਹੀਆਂ ਸਬਜ਼ੀਆਂ ਦੀਆਂ ਤਸਵੀਰਾਂ ਉੱਪਰ ਸਹੀ (✓) ਦਾ ਨਿਸ਼ਾਨ ਲਗਾਓ।



*ਚਿੱਤਰ 7.4 ਸਬਜ਼ੀਆਂ ਦੀਆਂ ਤਸਵੀਰਾਂ*

ਚਿੱਤਰ 7.5 ਨੂੰ ਵੇਖੋ ਅਤੇ ਸੋਚੋ ਕੀ ਇਹ ਪੌਦਾ ਇਸ ਸਥਾਨ ਉੱਪਰ ਰੁੱਖ ਬਣ ਸਕੇਗਾ ?
ਜੇ ਨਹੀਂ ਤਾਂ ਕਿਉਂ ?



*ਚਿੱਤਰ 7.5 ਕੰਧ ਵਿੱਚ ਉੱਗਿਆ ਹੋਇਆ ਪੌਦਾ*

**ਕੀ ਤੁਸੀਂ ਜਾਣਦੇ ਹੋ ?**

ਇਹ ਬੋਹੜ ਦਾ ਰੁੱਖ ਹੈ। ਹਰ ਰੁੱਖ ਵਾਂਗ ਇਸਦੀਆਂ ਜੜ੍ਹਾਂ ਧਰਤੀ ਵਿੱਚ ਤਾਂ ਹਨ ਹੀ ਪ੍ਰੰਤੂ ਇਸਦੀਆਂ ਟਾਹਣੀਆਂ ਤੋਂ ਨਿਕਲੀਆਂ ਹੋਈਆਂ ਜੜ੍ਹਾਂ ਇਸ ਫੈਲੇ ਹੋਏ ਬੋਹੜ ਦੇ ਰੁੱਖ ਨੂੰ ਸਹਾਰਾ ਦਿੰਦੀਆਂ ਹਨ। ਇਸ ਨੂੰ ਹਵਾਈ ਜੜ੍ਹਾਂ ਕਹਿੰਦੇ ਹਨ। ਕੁੱਝ ਲੋਕ ਇਸਨੂੰ ਬੋਹੜ ਦੀ ਦਾੜ੍ਹੀ ਵੀ ਕਹਿੰਦੇ ਹਨ।



*ਚਿੱਤਰ 7.6 ਬੋਹੜ ਦਾ ਰੁੱਖ*

ਕੀ ਤੁਸੀਂ ਕੋਈ ਅਜਿਹਾ ਕੋਈ ਹੋਰ ਰੁੱਖ ਵੇਖਿਆ ਹੈ ? ਉਸ ਦਾ ਨਾਮ ਅਤੇ ਸਥਾਨ ਲਿਖੋ।

ਨਾਮ : ___________ ਸਥਾਨ : ___________

ਪਾਠ 8

# ਰੰਗ ਬਿਰੰਗੇ ਫੁੱਲ

"ਨਾਨਾ ਜੀ, ਮੇਰੇ ਇਮਤਿਹਾਨ ਮੁੱਕ ਗਏ ਹਨ। ਮੈਂ ਅਤੇ ਮੰਮੀ ਅੱਜ ਹੀ ਪਟਿਆਲਾ ਆ ਰਹੇ ਹਾਂ" ਮੇਰਾ ਬੇਟਾ ਸੁਖਮਨ ਫੋਨ ਉੱਤੇ ਆਪਣੇ ਨਾਨਾ ਜੀ ਨਾਲ ਗੱਲ ਕਰ ਰਿਹਾ ਸੀ।

ਅਸੀਂ ਫਰੀਦਕੋਟ ਤੋਂ ਪਟਿਆਲਾ ਚਾਰ ਕੁ ਘੰਟਿਆਂ ਵਿੱਚ ਪਹੁੰਚ ਗਏ। ਸੁਖਮਨ ਨੇ ਘਰ ਵੜ੍ਹਦਿਆਂ ਆਪਣੇ ਨਾਨਾ-ਨਾਨੀ ਦੇ ਪੈਰੀਂ ਹੱਥ ਲਗਾਏ।

"ਨਾਨੀ ਜੀ ਤੁਸੀਂ ਇਹ ਕੀ ਖਾ ਰਹੇ ਹੋ ?" ਸੁਖਮਨ ਨੇ ਕੌਲੀ ਵੱਲ ਇਸ਼ਾਰਾ ਕਰਦਿਆਂ ਕਿਹਾ।

"ਇਹ ਗੁਲਕੰਦ ਹੈ ਸੁਖਮਨ" ਮੇਰੀ ਮਾਤਾ ਜੀ ਨੇ ਜਵਾਬ ਦਿੱਤਾ।

ਹੈਰਾਨ ਹੁੰਦੇ ਹੋਏ ਸੁਖਮਨ ਨੇ ਪੁੱਛਿਆ, "ਗੁਲਕੰਦ! ਇਹ ਕੀ ਹੁੰਦੀ ਹੈ ?"

"ਬੇਟਾ ਜੀ, ਇਹ ਗੁਲਾਬ ਦੇ ਫੁੱਲਾਂ ਤੋਂ ਬਣਦੀ ਹੈ।" ਮੈਂ ਸੁਖਮਨ ਨੂੰ ਸਮਝਾਉਣ ਦਾ ਯਤਨ ਕੀਤਾ।

"ਫੁੱਲ ਕੋਈ ਖਾਧੇ ਜਾਂਦੇ ਨੇ ?" ਸੁਖਮਨ ਦੀ ਹੈਰਾਨੀ ਹੋਰ ਵਧ ਗਈ।

"ਹਾਂ ਬੇਟਾ, ਜਿਹੜੀ ਤੂੰ ਗੋਭੀ ਦੀ ਸਬਜ਼ੀ ਖਾਂਦਾ ਏ ਉਹ ਵੀ ਤਾਂ ਗੋਭੀ ਦੇ ਫੁੱਲ ਤੋਂ ਹੀ ਬਣਦੀ ਏ"

"ਮੰਮੀ ਜੀ, ਹੋਰ ਕਿਹੜੇ- ਕਿਹੜੇ ਫੁੱਲ ਖਾਧੇ ਜਾਂਦੇ ਨੇ ?" ਸੁਖਮਨ ਨੇ ਪੁਛਿਆ।

"ਸੁਖਮਨ ਬੇਟਾ, ਕਚਨਾਰ ਅਤੇ ਕੇਲੇ ਦੇ ਫੁੱਲਾਂ ਤੋਂ ਸਬਜ਼ੀ ਬਣਦੀ ਹੈ। ਸੁਹਾਂਜਨੇ ਦੇ ਫੁੱਲਾਂ ਤੋਂ ਪਕੌੜੇ ਬਣਦੇ ਹਨ। ਬਰੋਕਲੀ ਦੇ ਫੁੱਲ ਤੋਂ ਸਬਜ਼ੀ ਅਤੇ ਸਲਾਦ ਬਣਦੇ ਹਨ ਅਤੇ ਗੁਲਾਬ ਦੇ ਫੁੱਲਾਂ ਤੋਂ ਬਣਨ ਵਾਲੀ ਗੁਲਕੰਦ ਬਾਰੇ ਤਾਂ ਤੈਨੂੰ ਪਤਾ ਹੀ ਹੈ।



*ਚਿੱਤਰ 8.1 ਖਾਧੇ ਜਾ ਸਕਣ ਵਾਲੇ ਕੁੱਝ ਫੁੱਲ*

ਪ੍ਰਸ਼ਨ 1. ਕਿਹੜੇ-ਕਿਹੜੇ ਫੁੱਲਾਂ ਤੋਂ ਸਬਜ਼ੀ ਬਣਦੀ ਹੈ ?

______________________________

ਪ੍ਰਸ਼ਨ 2. ਸੁਹਾਂਜਨਾਂ ਦੇ ਫੁੱਲਾਂ ਤੋਂ ਕੀ ਬਣਦਾ ਹੈ ?

______________________________


ਪ੍ਰਸ਼ਨ 3.   ਗੁਲਕੰਦ ਕਿਹੜੇ ਫੁੱਲ ਤੋਂ ਬਣਦੀ ਹੈ ?

______________________________________________

"ਸੁਖਮਨ ਪੁੱਤਰ, ਫੁੱਲ ਹੋਰ ਵੀ ਬਹੁਤ ਕੰਮ ਆਉਂਦੇ ਨੇ" ਉਸਦੇ ਨਾਨਾ ਜੀ ਨੇ ਕਿਹਾ।

"ਨਾਨਾ ਜੀ, ਮੈਨੂੰ ਸਾਰਾ ਕੁੱਝ ਦੱਸੋ।" ਸੁਖਮਨ ਕਾਹਲਾ ਪੈ ਗਿਆ।

"ਗੁਲਾਬ ਦੇ ਫੁੱਲ ਤੋਂ ਗੁਲਾਬ ਜਲ, ਇਤਰ ਅਤੇ ਸ਼ਰਬਤ ਬਣਦਾ ਹੈ। ਚੰਮੇਲੀ ਅਤੇ ਲਵੈਂਡਰ ਦੇ ਫੁੱਲਾਂ ਤੋਂ ਖੁਸ਼ਬੂਦਾਰ ਤੇਲ ਤਿਆਰ ਕੀਤਾ ਜਾਂਦਾ ਹੈ। ਬਨਫਸ਼ਾਂ, ਕਚਨਾਰ, ਗੁਲਾਬ, ਕਿੱਕਰ ਅਤੇ ਦੇਸੀ ਅੱਕ ਦੇ ਫੁੱਲਾਂ ਤੋਂ ਕਈ ਤਰ੍ਹਾਂ ਦੀਆਂ ਦਵਾਈਆਂ ਬਣਦੀਆਂ ਹਨ। ਗੇਂਦੇ, ਢੱਕ, ਹਿਬਿਸਕਸ ਅਤੇ ਗੁਲਾਬ ਦੇ ਫੁੱਲਾਂ ਤੋਂ ਰੰਗ ਤਿਆਰ ਕੀਤੇ ਜਾਂਦੇ ਹਨ। ਸ਼ਹਿਦ ਦੀਆਂ ਮੱਖੀਆਂ ਅਤੇ ਤਿਤਲੀਆਂ ਫੁੱਲਾਂ ਤੋਂ ਰਸ ਚੂਸਦੀਆਂ ਹਨ" ਨਾਨਾ ਜੀ ਨੇ ਸੁਖਮਨ ਨੂੰ ਫੁੱਲਾਂ ਬਾਰੇ ਵਿਸਥਾਰ ਵਿੱਚ ਦੱਸਿਆ।




*ਚਿੱਤਰ 8.2 ਉਪਰਲੇ ਪੈਰ੍ਹੇ ਵਿੱਚ ਵਰਣਿਤ ਕੁਝ ਫੁੱਲ*

ਪ੍ਰਸ਼ਨ 4. ਗੁਲਾਬ ਦੇ ਫੁੱਲਾਂ ਤੋਂ ਕੀ ਕੁੱਝ ਬਣਦਾ ਹੈ ?

______________________________

______________________________

ਪ੍ਰਸ਼ਨ 5. ਕੋਈ ਦੋ ਫੁੱਲਾਂ ਦੇ ਨਾਮ ਅਤੇ ਉਹਨਾਂ ਦੀ ਵਰਤੋਂ ਬਾਰੇ ਦੱਸੋ ?

______________________________

______________________________

ਪ੍ਰਸ਼ਨ 6. ਖੁਸ਼ਬੂਦਾਰ ਤੇਲ ਤਿਆਰ ਕਰਨ ਲਈ ਕਿਹੜੇ-ਕਿਹੜੇ ਫੁੱਲਾਂ ਦੀ ਵਰਤੋਂ ਕੀਤੀ ਜਾਂਦੀ ਹੈ ?

______________________________

ਪ੍ਰਸ਼ਨ 7. ਸ਼ਹਿਦ ਦੀਆਂ ਮੱਖੀਆਂ ਅਤੇ ਤਿਤਲੀਆਂ ਫੁੱਲਾਂ ਉੱਤੇ ਕਿਉਂ ਮੰਡਰਾਉਂਦੀਆਂ ਹਨ ?

______________________________

ਸੁਖਮਨ ਜ਼ਿੱਦ ਕਰਨ ਲੱਗਾ, "ਨਾਨਾ ਜੀ ਮੈਂ ਸਾਰੇ ਫੁੱਲ ਦੇਖਣੇ ਹਨ।"

"ਚੱਲ ਪੁੱਤਰ, ਆਪਾਂ ਬਾਰਾਂ ਦਰੀ ਬਾਗ ਚਲਦੇ ਹਾਂ। ਉੱਥੇ ਕਈ ਤਰ੍ਹਾਂ ਦੇ ਫੁੱਲ ਦੇਖਣ ਨੂੰ ਮਿਲ ਜਾਣਗੇ।" ਪਾਪਾ ਨੇ ਸੁਖਮਨ ਨੂੰ ਕਿਹਾ।

ਉਹ ਸਾਰੇ ਬਾਰਾਂ ਦਰੀ ਬਾਗ ਪਹੁੰਚ ਗਏ। ਇੰਝ ਲੱਗਦਾ ਸੀ ਜਿਵੇਂ ਜਗ੍ਹਾ-ਜਗ੍ਹਾ ਫੁੱਲਾਂ ਦੀਆਂ ਰੰਗ ਬਰੰਗੀਆਂ ਚਾਦਰਾਂ ਵਿਛੀਆਂ ਹੋਣ। ਸੁਖਮਨ ਦਾ ਚਿਹਰਾ ਖੁਸ਼ੀ ਨਾਲ ਭਰ ਗਿਆ।




*ਚਿੱਤਰ 8.3 ਬਾਰਾਂ ਦਰੀ ਵਿੱਚ ਖਿੜ੍ਹੇ ਹੋਏ ਕੁਝ ਫੁੱਲ*

ਪ੍ਰਸ਼ਨ 8. ਕੀ ਤੁਸੀਂ ਹੋਰ ਕਿਸੇ ਸਥਾਨ ਉੱਤੇ ਇੰਨੇ ਫੁੱਲ ਇਕੱਠੇ ਦੇਖੇ ਹਨ ? ਜੇ ਦੇਖੇ ਹਨ ਤਾਂ ਕਿੱਥੇ ?

______________________________

ਪ੍ਰਸ਼ਨ 9. ਤੁਸੀਂ ਕਿਹੜੇ-ਕਿਹੜੇ ਰੰਗਾਂ ਦੇ ਫੁੱਲ ਦੇਖੇ ਹਨ। ਰੰਗਾਂ ਦੇ ਨਾਮ ਲਿਖੋ ?

______________________________________

"ਮੰਮੀ, ਮੈਨੂੰ ਹਰ ਮਹੀਨੇ ਇੱਕ ਵਾਰ ਇਹ ਫੁੱਲ ਦਿਖਾ ਦਿਆ ਕਰੋ।"

"ਪੁੱਤਰ, ਸਾਰੇ ਫੁੱਲ ਹਮੇਸ਼ਾਂ ਨਹੀਂ ਖਿੜੇ ਰਹਿੰਦੇ, ਬਹੁਤੇ ਫੁੱਲ ਦਸੰਬਰ ਤੋਂ ਮਾਰਚ ਦੇ ਮਹੀਨੇ ਹੀ ਖਿੜਦੇ ਹਨ ਜਿਵੇਂ ਡੇਲ੍ਹੀਆ, ਪੈਂਜ਼ੀ ਅਤੇ ਤਾਰਾ। ਕੁੱਝ ਫੁੱਲ ਸਾਰਾ ਸਾਲ ਖਿੜਦੇ ਹਨ ਜਿਵੇਂ ਮੋਤੀਆ, ਸਦਾਬਹਾਰ ਆਦਿ। ਕੁੱਝ ਫੁੱਲ ਕੇਵਲ ਗਰਮੀ ਦੇ ਮੌਸਮ ਵਿੱਚ ਖਿੜਦੇ ਹਨ ਜਿਵੇਂ ਲਿੱਲੀ, ਕੁੱਕੜ ਕਲਗੀ, ਜ਼ੀਨੀਆ ਆਦਿ।

ਪ੍ਰਸ਼ਨ 10. ਅਜਿਹੇ ਫੁੱਲ ਦਾ ਨਾਮ ਦੱਸੋ ਜੋ ਦੁਪਿਹਰ ਵੇਲੇ (ਧੁੱਪ ਵਿੱਚ) ਖਿੜਦਾ ਹੈ ?

______________________________________

ਪ੍ਰਸ਼ਨ 11. ਅਜਿਹੇ ਫੁੱਲ ਦਾ ਨਾਮ ਦੱਸੋ ਜੋ ਕੇਵਲ ਰਾਤ ਨੂੰ ਖਿੜਦਾ ਹੈ ?

______________________________________

ਪ੍ਰਸ਼ਨ 12. ਤੁਸੀ ਕਿਹੜੇ-ਕਿਹੜੇ ਫੁੱਲਾਂ ਨੂੰ ਕੇਵਲ ਉਨ੍ਹਾਂ ਦੀ ਮਹਿਕ ਲੈ ਕੇ ਹੀ ਪਹਿਚਾਣ ਸਕਦੇ ਹੋ ?

______________________________________

"ਨਾਨਾ ਜੀ ਆਹ ਕੀ ! ਕੁੱਝ ਫੁੱਲ ਛੋਟੇ ਜਿਹੇ ਪੌਦਿਆਂ ਤੇ ਲੱਗੇ ਹਨ ਅਤੇ ਕੁੱਝ ਫੁੱਲ ਕੰਧ ਉੱਪਰ ਲਮਕ ਰਹੀ ਵੇਲ ਉੱਪਰ ਵੀ।"

"ਸੁਖਮਨ ਕੁੱਝ ਫੁੱਲ ਪੌਦਿਆਂ ਨੂੰ ਲੱਗਦੇ ਹਨ ਜਿਵੇਂ ਪੌਪੀ, ਪੈਂਜ਼ੀ ਆਦਿ। ਕੁੱਝ ਫੁੱਲ ਵੇਲਾਂ ਨੂੰ ਲੱਗਦੇ ਹਨ ਜਿਵੇਂ ਝੁਮਕਾ ਵੇਲ। ਕੁੱਝ ਫੁੱਲ ਵੱਡੇ-ਵੱਡੇ ਰੁੱਖਾਂ ਨੂੰ ਲੱਗਦੇ ਹਨ ਜਿਵੇਂ ਗੁਲਮੋਹਰ। ਕਮਲ ਦਾ ਫੁੱਲ ਤਾਂ ਪਾਣੀ ਵਿੱਚ ਖਿੜਦਾ ਹੈ"। ਨਾਨਾ ਜੀ ਨੇ ਜਵਾਬ ਦਿੱਤਾ।



*ਚਿੱਤਰ 8.4 ਪੌਪੀ, ਝੁਮਕਾ, ਗੁਲਮੋਹਰ ਅਤੇ ਕਮਲ*

ਸੁਖਮਨ ਨੇ ਇੱਕ ਫੁੱਲ ਵੱਲ ਇਸ਼ਾਰਾ ਕਰਦੇ ਹੋਏ ਕਿਹਾ, "ਮੰਮੀ ਜੀ, ਇਹਨਾਂ ਫੁੱਲਾਂ ਵੱਲ ਦੇਖੋ। ਕੁੱਝ ਫੁੱਲ ਮੰਦਰ ਵਿੱਚ ਲੱਗੀ ਘੰਟੀ ਵਰਗੇ ਦਿਖਦੇ ਹਨ ਅਤੇ ਕੁੱਝ ਫੁੱਲ ਰੱਖੜੀ ਵਰਗੇ ਲੱਗਦੇ ਹਨ।"



*ਚਿੱਤਰ 8.5 ਫੁੱਲ ਅਤੇ ਵਸਤੂਆਂ*

ਕਿਰਿਆ : 1 ਉੱਪਰ ਦਿੱਤੇ ਚਿੱਤਰ ਵਿੱਚ ਕੁੱਝ ਵਸਤੂਆਂ ਅਤੇ ਫੁੱਲ ਦਿੱਤੇ ਗਏ ਹਨ। ਕਿਹੜੇ ਫੁੱਲ ਦੀ ਸ਼ਕਲ ਕਿਹੜੀ ਵਸਤੂ ਨਾਲ ਰਲਦੀ ਮਿਲਦੀ ਹੈ। ਮਿਲਾਨ ਕਰੋ।

ਪ੍ਰਸ਼ਨ 13. ਅਜਿਹੇ ਦੋ ਰੁੱਖਾਂ ਦੇ ਨਾਮ ਦੱਸੋ ਜਿਨ੍ਹਾਂ ਨੂੰ ਫੁੱਲ ਲੱਗਦੇ ਹਨ ?

---

ਪ੍ਰਸ਼ਨ 14. ਅਜਿਹੀਆਂ ਦੋ ਵੇਲਾਂ ਦੇ ਨਾਮ ਦੱਸੋ ਜਿਨ੍ਹਾਂ ਨੂੰ ਫੁੱਲ ਲੱਗਦੇ ਹਨ ?

---

"ਨਾਨਾ ਜੀ ਮੈ ਫੁੱਲਾਂ ਬਾਰੇ ਹੋਰ ਜਾਣਨਾ ਹੈ।" ਸੁਖਮਨ ਜਿਵੇਂ ਘਰ ਜਾਣਾ ਹੀ ਨਹੀਂ ਚਾਹੁੰਦਾ ਸੀ।

"ਪੁੱਤਰ ਬਾਕੀ ਕੁੱਝ ਤੇਰੇ ਮੰਮੀ ਜੀ ਹੀ ਦੱਸਣਗੇ।" ਪਾਪਾ ਜੀ ਨੇ ਕਿਹਾ।

ਕਿਰਿਆ : 2 ਸੁਖਮਨ ਦੀ ਮੰਮੀ ਨੇ ਸੁਖਮਨ ਨਾਲ ਇੱਕ ਖੇਡ ਖੇਡੀ। ਇਹ ਖੇਡ ਤੁਸੀਂ ਵੀ ਖੇਡ ਸਕਦੇ ਹੋ। ਕੋਈ ਤਿੰਨ ਫੁੱਲ ਪਸੰਦ ਕਰੋ ਅਤੇ ਦੱਸੋ।

| | | | |
|---|---|---|---|
| ਉਨ੍ਹਾਂ ਦੇ ਨਾਮ | 1. ________ | 2. ________ | 3. ________ |
| ਉਨ੍ਹਾਂ ਦੇ ਰੰਗ | 1. ________ | 2. ________ | 3. ________ |
| ਫੁੱਲ ਦੀਆਂ ਪੱਤੀਆਂ ਦੀ ਗਿਣਤੀ | 1. ________ | 2. ________ | 3. ________ |

ਸੁਖਮਨ ਨੇ ਸਾਰੇ ਜਵਾਬ ਦੇਣ ਤੋਂ ਬਾਅਦ ਆਪਣੀ ਮੰਮੀ ਨੂੰ ਕਿਹਾ, "ਕੀ ਮੈਂ ਇਹ ਫੁੱਲ ਘਰ ਲੈ ਜਾਵਾਂ ?"

"ਨਾ-ਨਾ ਬੇਟਾ, ਫੁੱਲ ਤੋੜਨੇ ਨਹੀਂ ਚਾਹੀਦੇ ਇਹ ਸਾਡੇ ਆਲੇ ਦੁਆਲੇ ਦੀ ਖੂਬਸੂਰਤੀ ਵਧਾਉਂਦੇ ਹਨ।" ਮੈਂ ਸੁਖਮਨ ਨੂੰ ਸਮਝਾਇਆ।

ਫੁੱਲਾਂ ਨੂੰ ਦੇਖ ਰਹੇ ਇੱਕ ਹੋਰ ਆਦਮੀ ਨੇ ਸੁਖਮਨ ਨੂੰ ਕਿਹਾ ਕਿ ਚੱਲ ਤੈਨੂੰ ਫੁੱਲਾਂ ਬਾਰੇ ਇੱਕ ਕਵਿਤਾ ਸੁਣਾਵਾਂ।

ਰੰਗ ਬਰੰਗੇ ਫੁੱਲ, ਫੁੱਲਾਂ ਦੀਆਂ ਪੱਤੀਆਂ
ਕੁਝ ਨੀਲੀਆਂ, ਪੀਲੀਆਂ ਤੇ ਕੁੱਝ ਚਿੱਟੀਆਂ

ਸੁੱਕ ਜਾਣ ਛੇਤੀ ਜਦ ਹਾਂ ਫੁੱਲ ਤੋੜ੍ਹ ਦੇ
ਵੇਲ, ਝਾੜ੍ਹੀ, ਰੁੱਖ ਤੇ ਰਹਿਣ ਸਦਾ ਮਹਿਕਦੇ

ਕਈ ਖਿੜ੍ਹਦੇ ਧੁੱਪ ਵਿੱਚ, ਕੁੱਝ ਖਿੜ੍ਹਦੇ ਰਾਤ
ਕਈ ਆਪਣੀ ਰੁੱਤ ਵਿੱਚ, ਕਈ ਸਾਰਾ ਸਾਲ

ਮਹਿਕ ਮੁਫਤ ਵੰਡਣ, ਖਿੜ੍ਹ ਖਿੜ੍ਹ ਹੱਸਕੇ
ਰਹੋ ਹਮੇਸ਼ਾ ਬੱਚਿਓ ਤੁਸੀਂ ਵੀ ਹੱਸਦੇ

ਕਵਿਤਾ ਸੁਣ ਕੇ ਅਸੀਂ ਖੁਸ਼ੀ-ਖੁਸ਼ੀ ਘਰ ਨੂੰ ਚਲ ਪਏ। ਦੁੱਖ ਨਿਵਾਰਨ ਗੁਰਦੁਆਰਾ ਸਾਹਿਬ ਕੋਲੋਂ ਲੰਘਦਿਆਂ ਹੀ ਸੁਖਮਨ ਰੁਕਣ ਲਈ ਕਹਿਣ ਲੱਗਾ।

ਨਾਨਾ ਜੀ – ਕੀ ਗੱਲ ਹੈ ?

ਸੁਖਮਨ – ਉਸ ਦੁਕਾਨ ਵੱਲ ਦੇਖੋ। ਉੱਥੇ ਕਿੰਨੇ ਫੁੱਲ ਹਨ! ਦੁਕਾਨ ਵਾਲੇ ਨੇ ਇੰਨ੍ਹੇ ਫੁੱਲ ਕਿਉਂ ਤੋੜੇ ਹਨ ? ਇਹ ਬੜੀ ਮਾੜੀ ਗੱਲ ਹੈ।

ਨਾਨਾ ਜੀ – ਬੇਟਾ, ਫੁੱਲ ਵੇਚਣ ਲਈ ਵੀ ਉਗਾਏ ਜਾਂਦੇ ਹਨ। ਕੁੱਝ ਲੋਕ ਫੁੱਲਾਂ ਦਾ ਵਪਾਰ ਕਰਦੇ ਹਨ। ਤੋੜੇ ਹੋਏ ਫੁੱਲ ਵੇਚੇ ਜਾਂਦੇ ਹਨ।

ਸੁਖਮਨ – ਪਰ ਲੋਕ ਇਹ ਫੁੱਲ ਖਰੀਦ ਕੇ ਕੀ ਕਰਦੇ ਹਨ ?

ਨਾਨਾ ਜੀ – ਪੂਜਾ ਕਰਨ ਲਈ, ਕਈ ਤਰ੍ਹਾਂ ਦੀ ਸਜਾਵਟ ਲਈ, ਹਾਰ ਬਣਾਉਣ ਲਈ, ਵਾਲਾਂ ਵਿੱਚ ਲਗਾਉਣ ਲਈ, ਗੁਲਦਸਤਾ ਬਣਾਉਣ ਲਈ, ਬਸ ਬਹੁਤ ਹੈ ?

ਪ੍ਰਸ਼ਨ 15. ਫੁੱਲਾਂ ਨਾਲ ਕਿਹੜੇ-ਕਿਹੜੇ ਮੌਕੇ ਸਜਾਵਟ ਕੀਤੀ ਜਾਂਦੀ ਹੈ ?

________________________________________

________________________________________

ਪ੍ਰਸ਼ਨ 16. ਫੁੱਲਾਂ ਤੋਂ ਬਣਾਏ ਜਾਂਦੇ ਹਾਰ ਕਿੱਥੇ-ਕਿੱਥੇ ਵਰਤੇ ਜਾਂਦੇ ਹਨ ?

________________________________________

________________________________________

ਸੁਖਮਨ ਘਰ ਆਉਂਦੇ ਹੀ ਬਗੀਚੀ ਵਿੱਚ ਚਲਾ ਗਿਆ। ਸੁਖਮਨ ਅਤੇ ਫੁੱਲਾਂ ਵਿੱਚ ਦੋਸਤੀ ਹੋ ਗਈ ਲੱਗਦੀ ਸੀ।

ਸੁਖਮਨ ਨੇ ਬਗੀਚੀ ਵਿੱਚੋਂ ਆਵਾਜ਼ ਦਿੱਤੀ


"ਮੰਮੀ, ਵੱਡੇ ਫੁੱਲਾਂ ਦੇ ਨਾਲ ਇੱਕ ਛੋਟਾ ਜਿਹਾ ਫੁੱਲ ਵੀ ਹੈ।

ਇਸਦੀਆਂ ਪੱਤੀਆਂ ਪੂਰੀ ਤਰ੍ਹਾਂ ਬਾਹਰ ਨਹੀਂ ਨਿਕਲੀਆਂ ਹਨ।" ਸੁਖਮਨ ਬੋਲਿਆ।


"ਹਾਂ ਪੁੱਤ, ਇਹਨਾਂ ਨੂੰ ਕਲੀਆਂ ਕਹਿੰਦੇ ਹਨ। ਇਹ ਹੌਲੀ-ਹੌਲੀ ਖਿੜ੍ਹ ਕੇ ਫੁੱਲ ਬਣ ਜਾਂਦੀਆਂ ਹਨ।"

"ਸੁਖਮਨ, ਆਜਾ ਪਰਾਉਂਠਾ ਖਾ ਲੈ" ਰਸੋਈ ਵਿੱਚੋਂ ਉਸਦੀ ਨਾਨੀ ਨੇ ਆਵਾਜ਼ ਦਿੱਤੀ।

ਪਰਾਉਂਠੇ ਵਾਲੀ ਪਲੇਟ ਨੂੰ ਦੇਖਿਦਆਂ ਹੀ ਸੁਖਮਨ ਬੋਲਿਆ, "ਪਲੇਟ ਵਿੱਚ ਵੀ ਫੁੱਲਾਂ ਦਾ ਨਮੂਨਾ ਹੈ।" ਪਰਾਂਠਾ ਖਾ ਕੇ ਸੁਖਮਨ ਫੁੱਲਾਂ ਦੇ ਨਮੂਨੇ ਵਾਲੀਆਂ ਹੋਰ ਵਸਤੂਆਂ ਲੱਭਣ ਲੱਗ ਪਿਆ।



*ਚਿੱਤਰ 8.6 ਕਲੀ*




*ਚਿੱਤਰ 8.7 ਫੁੱਲਾਂ ਦੇ ਨਮੂਨੇ ਵਾਲੀਆਂ ਕੁੱਝ ਵਸਤੂਆਂ*

ਕਿਰਿਆ : 3 ਫੁੱਲਾਂ ਦੇ ਨਮੂਨੇ ਵਾਲੀਆਂ ਵਸਤੂਆਂ ਲੱਭੋ ਅਤੇ ਉਹਨਾਂ ਦੇ ਨਾਮ ਲਿਖੋ।

________________________________________

________________________________________

________________________________________

ਅਧਿਆਪਕ ਲਈ : ਬੱਚਿਆਂ ਨੂੰ ਫੁੱਲਾਂ ਵਾਲ਼ੇ ਬਗੀਚੇ/ਪਾਰਕ ਵਿੱਚ ਲਿਜਾਇਆ ਜਾਵੇ ਜਾਂ ਫੁੱਲਾਂ ਦੀ ਦੁਕਾਨ ਉੱਤੇ ਲਿਜਾ ਕੇ ਬੱਚਿਆਂ ਨੂੰ ਫੁੱਲ ਦਿਖਾਏ ਜਾਣ ਅਤੇ ਦੁਕਾਨਦਾਰ ਨਾਲ ਗੱਲਬਾਤ ਕਰਵਾਈ ਜਾਵੇ।

ਸੁਝਾਅ : ਜੇਕਰ ਛੋਟੇ ਸ਼ਹਿਰਾਂ ਜਾਂ ਪਿੰਡ ਵਿੱਚ ਫੁੱਲਾਂ ਦਾ ਬਾਗ ਨਹੀਂ ਹੈ ਤਾਂ ਫੁੱਲਾਂ ਦੀਆਂ ਤਸਵੀਰਾਂ ਵਾਲੇ ਚਾਰਟਾਂ ਤੋਂ ਫੁੱਲਾਂ ਦੀ ਪਹਿਚਾਣ ਕਾਰਵਾਈ ਜਾ ਸਕਦੀ ਹੈ।ਅਜਿਹੇ ਚਾਰਟ ਬਾਜ਼ਾਰ ਵਿੱਚ ਆਸਾਨੀ ਨਾਲ ਮਿਲ ਜਾਂਦੇ ਹਨ।

ਕਿਰਿਆ : 4 ਆਪਣੇ ਮਨਪਸੰਦ ਫੁੱਲ ਦਾ ਚਿੱਤਰ ਬਣਾਕੇ ਰੰਗ ਭਰੋ।

**ਪਾਠ 9**

# ਨਿੰਮ ਰਾਣੀ

ਗੁਆਂਢੀ ਪਿੰਡ ਤੋਂ ਵਾਪਸ ਮੁੜਦਿਆਂ ਅੱਧ ਵਿਚਕਾਰ ਮੇਰਾ ਮੋਟਰਸਾਈਕਲ ਪੰਕਚਰ ਹੋ ਗਿਆ ਅਤੇ ਬਹੁਤ ਜ਼ਿਆਦਾ ਗਰਮੀ ਅਤੇ ਤਿੱਖੀ ਧੁੱਪ ਹੋਣ ਕਾਰਨ ਤੁਰਨਾ ਔਖਾ ਹੋ ਗਿਆ । ਥੋੜ੍ਹੀ ਦੂਰ ਜਾ ਕੇ ਹੀ ਭੁੱਖ ਲੱਗ ਆਈ ਅਤੇ ਛਾਂਵੇ ਬੈਠਣ ਨੂੰ ਦਿਲ ਕਰਨ ਲੱਗਾ।

ਇੱਕ ਉਜਾੜ ਜਿਹੀ ਥਾਂ 'ਤੇ ਸ਼ਹਿਤੂਤ ਦੇ ਕੁੱਝ ਰੁੱਖ ਖੜ੍ਹੇ ਸਨ। ਉਨ੍ਹਾਂ ਥੱਲੇ ਆਰਾਮ ਕਰਕੇ ਸਾਰੀ ਥਕਾਵਟ ਦੂਰ ਹੋ ਗਈ। ਸ਼ਹਿਤੂਤ ਦੇ ਫ਼ਲ (ਤੂਤੀਆਂ) ਖਾਕੇ ਭੁੱਖ ਵੀ ਮਿਟ ਗਈ। ਭਾਵੇਂ ਇਸ ਉਜਾੜ ਵਿੱਚ ਇੰਨ੍ਹਾਂ ਦੀ ਕੋਈ ਦੇਖਭਾਲ ਨਹੀਂ ਕਰਦਾ ਹੈ। ਪਰ ਮੈਨੂੰ ਇਹ ਰੁੱਖ ਬੜੇ ਪਿਆਰੇ ਲੱਗੇ ਕਿਉਂਕਿ ਇੰਨ੍ਹਾਂ ਦੀ ਸਹਾਇਤਾ ਨਾਲ ਮੇਰੀ ਥਕਾਵਟ ਅਤੇ ਭੁੱਖ ਦੋਵੇਂ ਦੂਰ ਹੋ ਗਈਆਂ ਸਨ।

ਪ੍ਰਸ਼ਨ 1. ਤੁਸੀਂ ਆਪਣੇ ਆਲੇ-ਦੁਆਲੇ, ਖੇਤ, ਸਕੂਲ ਜਾਂ ਕਿਸੇ ਬਾਗ ਵਿੱਚੋਂ ਰੁੱਖਾਂ ਤੋਂ ਤੋੜ ਕੇ ਜਾਂ ਰੁੱਖਾਂ ਹੇਠੋਂ ਚੁੱਕ ਕੇ ਫ਼ਲ ਜਰੂਰ ਖਾਧੇ ਹੋਣਗੇ। ਅਜਿਹੇ ਰੁੱਖਾਂ ਦੇ ਨਾਮ ਲਿਖੋ।

___________________________________________

**ਕੰਮ ਦੀ ਗੱਲ**

ਰੁੱਖ ਚਾਹੇ ਤੁਸੀਂ ਉਗਾਓ ਜਾਂ ਇਹ ਆਪਣੇ ਆਪ ਉੱਗੇ ਹੋਣ, ਇਹ ਕਿਸੇ ਨਾ ਕਿਸੇ ਤਰੀਕੇ ਮਨੁੱਖਾਂ ਦੀ ਮਦਦ ਕਰਦੇ ਹਨ। ਇਹਨਾਂ ਤੋਂ ਛਾਂ, ਫੁੱਲ, ਫ਼ਲ ਅਤੇ ਲੱਕੜੀ ਮਿਲਦੀ ਹੈ। ਬਹੁਤ ਸਾਰੇ ਰੁੱਖਾਂ ਦੇ ਫ਼ਲ, ਫੁੱਲ, ਛਿੱਲੜ, ਪੱਤੇ, ਜੜ੍ਹਾਂ ਆਦਿ ਦਵਾਈਆਂ ਬਣਾਉਣ ਲਈ ਵਰਤੇ ਜਾਂਦੇ ਹਨ। ਸਾਡੇ ਜਿਉਣ ਲਈ ਜ਼ਰੂਰੀ ਗੈਸ ਆਕਸੀਜਨ ਵੀ ਦਿੰਦੇ ਹਨ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਇਹ ਸਭ ਕੁੱਝ ਮੁਫ਼ਤ ਵਿੱਚ ਦਿੰਦੇ ਹਨ।

ਕਿਰਿਆ : 1 ਆਪਣੇ ਆਲੇ ਦੁਆਲੇ ਧਿਆਨ ਨਾਲ ਕੁੱਝ ਰੁੱਖ ਦੇਖੋ ਅਤੇ ਦੱਸੋ ?

ਨੋਟ : ਆਪਣੇ ਅਧਿਆਪਕ ਦੀ ਮਦਦ ਲੈ ਸਕਦੇ ਹੋ।

| ਲੜੀ ਨੰ: | ਰੁੱਖ ਦਾ ਨਾਮ | ਕੀ ਕੋਈ ਇਸ ਰੁੱਖ ਦੀ ਦੇਖਭਾਲ ਕਰਦਾ ਹੈ। | ਇਸਦੇ ਫ਼ਲ ਕੌਣ ਖਾਂਦਾ ਹੈ। | ਇਸ ਰੁੱਖ ਦੀਆਂ ਹੋਰ ਵਿਸ਼ੇਸ਼ਤਾਵਾਂ |
|---|---|---|---|---|
| 1 | | | | |
| 2 | | | | |
| 3 | | | | |
| 4 | | | | |
| 5 | | | | |



*ਚਿੱਤਰ 9.1 ਆਦਿਵਾਸੀ ਲੋਕ*

ਕੁੱਝ ਲੋਕ ਜੰਗਲਾਂ ਵਿੱਚ ਵੀ ਰਹਿੰਦੇ ਹਨ। ਇਹ ਆਦਿਵਾਸੀ ਅਖਵਾਉਂਦੇ ਹਨ। ਇਹ ਲੋਕ ਜੰਗਲੀ ਰੁੱਖਾਂ ਤੋਂ ਮਿਲਣ ਵਾਲੇ ਫ਼ਲ ਖਾਂਦੇ ਹਨ। ਇਹ ਲੋਕ ਵੱਖ ਵੱਖ ਪੌਦਿਆਂ ਅਤੇ ਰੁੱਖਾਂ ਦੇ ਵੱਖ-ਵੱਖ ਭਾਗਾਂ ਦੀ ਵਰਤੋਂ ਦਵਾਈਆਂ ਵਜੋਂ ਵੀ ਕਰਦੇ ਹਨ। ਇੰਨ੍ਹਾਂ ਦਾ ਪੂਰਾ ਜਵੀਨ ਰੁੱਖਾਂ ਸਹਾਰੇ ਬੀਤਦਾ ਹੈ।

**ਕੀ ਤੁਸੀਂ ਜਾਣਦੇ ਹੋ ?**

ਪੰਜਾਬ ਦੀ ਧਰਤੀ ਉੱਪਰ 2011 ਦੇ ਅਨੁਸਾਰ ਪੰਜਾਬ ਰਾਜ ਦਾ ਜੰਗਲਾਤ $3058 km^2$ ਹੈ ਜੋ ਕਿ ਰਾਜ ਦੇ ਭੂਗੋਲਿਕ ਖੇਤਰ ਦਾ 6.12% ਹੈ। ਅਸੀਂ ਆਪਣੇ ਸੁਆਰਥ ਲਈ ਜੰਗਲਾਂ ਦੀ ਕਟਾਈ ਕਰਕੇ ਵਾਤਾਵਰਨ ਨੂੰ ਨੁਕਸਾਨ ਪਹੁੰਚਾਇਆ ਹੈ। ਇਸ ਕਾਰਨ ਜੰਗਲੀ ਜੀਵਾਂ ਦੀ ਹੋਂਦ ਲਈ ਵੀ ਖਤਰਾ ਵਧਿਆ ਹੈ। ਅਸੀਂ ਇਸ ਘਾਟੇ ਨੂੰ ਵੱਧ ਤੋਂ ਵੱਧ ਰੁੱਖ ਲਗਾ ਕੇ ਅਤੇ ਉਨ੍ਹਾਂ ਦੀ ਸਾਂਭ ਸੰਭਾਲ ਕਰਕੇ ਪੂਰਾ ਕਰ ਸਕਦੇ ਹਾਂ।

ਆਓ ਇੱਕ ਰੋਚਕ ਕਹਾਣੀ ਪੜ੍ਹੀਏ :-

## ਨਿੰਮ ਰਾਣੀ

ਪਿੰਡ ਦੇ ਪੰਚਾਇਤ ਘਰ ਵਿੱਚ ਪੰਚਾਇਤ ਸਮੇਤ ਪਿੰਡ ਦੇ ਬਹੁਤ ਸਾਰੇ ਲੋਕ ਇਕੱਠੇ ਹੋ ਚੁੱਕੇ ਸਨ। ਨਵੀਂ ਬਣਾਈ ਜਾਣ ਵਾਲੀ ਧਰਮਸ਼ਾਲਾ ਲਈ ਪੈਸਿਆਂ ਦਾ ਪ੍ਰਬੰਧ ਕੀਤਾ ਜਾਣਾ ਸੀ। ਸਹਿਮਤੀ ਨਾਲ ਮੁੱਖ ਸੜਕ ਨਾਲ ਲਗਦੀ ਪੰਚਾਇਤੀ ਜ਼ਮੀਨ ਧਰਮਸ਼ਾਲਾ ਲਈ ਦੇਣ ਦਾ ਫੈਸਲਾ ਕੀਤਾ ਗਿਆ।

ਇਸ ਫੈਸਲੇ ਤੋਂ ਪੂਰਾ ਪਿੰਡ ਖੁਸ਼ ਸੀ। ਪੰਚਾਇਤ ਵੱਲੋਂ ਕੀਤੇ ਗਏ ਇਕ ਹੋਰ ਫੈਸਲੇ ਨਾਲ ਬਾਰਵ੍ਹੀ ਵਿੱਚ ਪੜ੍ਹਦੀ ਰਾਣੀ ਸਮੇਤ ਕੁੱਝ ਕੁੜੀਆਂ ਖੁਸ਼ ਨਹੀਂ ਸਨ। ਦੂਸਰੇ ਫੈਸਲੇ ਅਨੁਸਾਰ ਇਸ ਜ਼ਮੀਨ ਵਿੱਚ ਲੱਗੀ ਬਹੁਤ ਪੁਰਾਣੀ ਅਤੇ ਵੱਡੀ ਨਿੰਮ ਨੂੰ ਕੱਟ ਦਿੱਤਾ ਜਾਣਾ ਸੀ ਕਿਉਂਕਿ ਇਸ ਦੀ ਲੱਕੜ ਤੋਂ ਧਰਮਸ਼ਾਲਾ ਵਿਚ ਬੈਠਣ ਲਈ ਬੈਂਚ ਤਿਆਰ ਕੀਤੇ ਜਾਣੇ ਸਨ। ਇਹ ਨਿੰਮ ਏਨੀ ਕੁ ਫੈਲੀ ਹੋਈ ਸੀ ਕਿ ਇਸ ਉੱਪਰ ਇੱਕਠੀਆਂ ਚਾਰ-ਪੀਂਘਾਂ ਪੈ ਜਾਂਦੀਆਂ ਸਨ। ਰਾਣੀ ਨੇ ਆਪਣੇ ਬਚਪਨ ਵਿੱਚ ਇਸ ਨਿੰਮ ਉੱਪਰ ਬਹੁਤ ਵਾਰ ਪੀਂਘ ਝੂਟੀ ਸੀ। ਇਸ ਨਿੰਮ ਥੱਲੇ ਲੰਘੇ ਹੋਏ ਤੀਆਂ ਦੇ ਦਿਨ ਤਾਂ ਸਾਰੀ ਜ਼ਿੰਦਗੀ ਯਾਦ ਰਹਿਣ ਵਾਲੇ ਸਨ। ਪੂਰੀ ਰਾਤ ਰਾਣੀ ਨੇ ਇਹ ਸੋਚਦਿਆਂ ਲੰਘਾ ਦਿੱਤੀ ਕਿ ਕੱਲ੍ਹ ਨੂੰ



*ਚਿੱਤਰ 9.2 ਨਿੰਮ ਦਾ ਰੁੱਖ*

ਇਸ ਨਿੰਮ ਨੂੰ ਕੱਟਣ ਤੋਂ ਕਿਵੇਂ ਬਚਾਇਆ ਜਾਵੇ। ਸਵੇਰੇ ਹੀ ਉਹ ਕੁੱਝ ਸਹੇਲੀਆਂ ਨੂੰ ਨਾਲ ਲੈ ਕੇ ਨਿੰਮ ਕੋਲ ਪਹੁੰਚ ਗਈ। ਸਰਪੰਚ ਸਾਹਿਬ ਅਤੇ ਨਿੰਮ ਨੂੰ ਕੱਟਣ ਵਾਲੇ ਮਜ਼ਦੂਰ ਵੀ ਪਹੁੰਚ ਚੁੱਕੇ ਸਨ। ਰਾਣੀ ਨੇ ਸਰਪੰਚ ਸਾਹਿਬ ਨੂੰ ਬੇਨਤੀ ਕੀਤੀ ਕਿ ਇਸ ਨਿੰਮ ਨੂੰ ਨਾ ਕੱਟਿਆ ਜਾਵੇ। ਸਰਪੰਚ ਨੇ ਮਜ਼ਬੂਰੀ ਦੱਸਦਿਆਂ ਕਿਹਾ ਕਿ ਉਹਨਾਂ ਕੋਲ ਬੈਂਚ ਖ੍ਰੀਦਣ ਲਈ ਪੈਸੇ ਨਹੀਂ ਹਨ। ਰਾਣੀ ਨੇ ਆਪਣੇ ਕੰਨਾਂ ਤੋਂ ਸੋਨੇ ਦੀਆਂ ਵਾਲੀਆਂ ਉਤਾਰਕੇ ਸਰਪੰਚ ਦੇ ਹੱਥ ਉੱਪਰ ਰੱਖਦਿਆਂ ਕਿਹਾ, "ਤੁਸੀਂ ਇਹਨਾਂ ਨੂੰ ਵੇਚ ਕੇ ਬੈਂਚ ਬਣਾ ਲੈਣਾ। ਅਸੀਂ ਰਲ ਮਿਲ ਕੇ ਹੋਰ ਪੈਸੇ ਵੀ ਇਕੱਠੇ ਕਰ ਦੇਵਾਂਗੀਆਂ। ਬੈਂਚ ਤਾਂ ਬਾਜ਼ਾਰ ਵਿਚੋਂ ਵੀ ਖਰੀਦੇ ਜਾ ਸਕਦੇ ਹਨ ਪਰ ਇਸ ਨਿੰਮ ਤੋਂ ਮਿਲਣ ਵਾਲੀ ਛਾਂ, ਪੰਛੀਆਂ ਲਈ ਆਸਰਾ ਅਤੇ ਸਾਡੇ ਜਿਉਣ ਲਈ ਜ਼ਰੂਰੀ ਆਕਸੀਜਨ ਕਿਸੇ ਵੀ ਦੁਕਾਨ ਤੋਂ ਨਹੀ ਮਿਲੇਗੀ"। ਇਹ ਕਹਿੰਦਿਆਂ ਰਾਣੀ ਦੀਆਂ ਅੱਖਾਂ ਭਰ ਆਈਆਂ। ਉਸ ਦੀਆਂ ਸਹੇਲੀਆਂ ਨੇ ਇਕੱਠੇ ਕੀਤੇ ਹੋਏ ਕੁੱਝ ਪੈਸੇ ਸਰਪੰਚ ਨੂੰ ਦੇ ਦਿੱਤੇ। ਨਿੰਮ ਪ੍ਰਤੀ ਇਹਨਾਂ ਬੱਚੀਆਂ ਦੇ ਪਿਆਰ ਨੂੰ ਦੇਖਦਿਆਂ ਸਰਪੰਚ ਨੇ ਨਿੰਮ ਨਾ ਕੱਟਣ ਦਾ ਫੈਸਲਾ ਕਰ ਲਿਆ। ਰਾਣੀ ਦੀਆਂ ਵਾਲੀਆਂ ਅਤੇ ਬੱਚੀਆਂ ਦੇ ਪੈਸੇ ਵੀ ਵਾਪਸ ਕਰ ਦਿੱਤੇ। ਰਾਣੀ ਦੇ ਇਸ ਸਿਆਣਪ ਭਰੇ ਕਦਮ ਤੋਂ ਪਿੰਡ ਦੇ ਲੋਕ ਬਹੁਤ ਖੁਸ਼ ਸਨ। ਪਿੰਡ ਵਾਸੀਆਂ ਨੇ ਰਾਣੀ ਦਾ ਨਾਂ ਨਿੰਮ ਨਾਲ ਜੋੜਦਿਆਂ ਇਸ ਨਿੰਮ ਦਾ ਨਾਂ 'ਨਿੰਮ ਰਾਣੀ' ਰੱਖ ਦਿੱਤਾ।

ਪਾਠ- 10

# ਖੇਤ ਤੋਂ ਘਰ ਤੱਕ

ਐਤਵਾਰ ਦਾ ਦਿਨ ਸੀ। ਖੇਤ ਵਿੱਚ ਕੰਬਾਈਨ ਨਾਲ ਕਣਕ ਕੱਢੀ ਜਾ ਰਹੀ ਸੀ। ਜਗਤਾਰ ਦੇ ਪਾਪਾ ਅਤੇ ਚਾਚਾ ਜੀ ਖੇਤ ਵਿੱਚੋਂ ਦਾਣਿਆਂ ਦੀਆਂ ਟਰਾਲੀਆਂ ਭਰ ਰਹੇ ਸਨ। ਆਪਣੇ ਘਰ ਸਾਲ ਭਰ ਲਈ ਲੋੜੀਂਦੀ ਕਣਕ ਰੱਖ ਕੇ ਉਹ ਬਾਕੀ ਕਣਕ ਮੰਡੀ ਵਿੱਚ ਵੇਚਣ ਲਈ ਲਿਜਾਣ ਲੱਗੇ ਸਨ।



*ਚਿੱਤਰ 10.1 ਅਨਾਜ ਦੀ ਪੱਕੀ ਫ਼ਸਲ*

"ਬੇਟਾ, ਅੱਜ ਤੂੰ ਖੇਤ ਕਾਮਿਆਂ ਦੀ ਰੋਟੀ ਦੇਣ ਜਾਵੀਂ। ਜਾਹ, ਪਹਿਲਾਂ ਪੱਪੂ ਦੀ ਚੱਕੀ 'ਤੇ ਸੁਨੇਹਾ ਲਾ ਕੇ ਆ, ਕਿ ਆਟਾ ਪੀਸਣ ਲਈ ਘਰੋਂ ਕਣਕ ਲੈ ਜਾਣ।" ਮੰਮੀ ਨੇ ਜਗਤਾਰ ਨੂੰ ਕਿਹਾ।

ਜਗਤਾਰ ਚੱਕੀ 'ਤੇ ਪਹੁੰਚ ਗਿਆ।

ਚੱਕੀ 'ਤੇ ਅਨਾਜਾਂ ਨੂੰ ਪੀਸ ਕੇ ਥੈਲਿਆਂ ਵਿੱਚ ਭਰਿਆ ਜਾ ਰਿਹਾ ਸੀ। ਉੱਥੇ ਕਣਕ ਦੀਆਂ ਬੋਰੀਆਂ ਵੀ ਭਰੀਆਂ ਹੋਈਆਂ ਸਨ।



*ਚਿੱਤਰ 10.2 ਆਟਾ ਚੱਕੀ*





*10.3 ਆਟੇ ਦੀਆਂ ਥੈਲੀਆਂ*

ਸੁਨੇਹਾ ਸੁਣਦਿਆਂ ਹੀ ਪੱਪੂ ਨੇ ਜਗਤਾਰ ਨੂੰ ਕਿਹਾ, "ਬੇਟਾ, ਤੇਰੇ ਪਾਪਾ ਨੂੰ ਯਾਦ ਕਰਵਾ ਦੇਵੀਂ ਕਿ ਸਾਰੀ ਵੇਚਣ ਵਾਲੀ ਕਣਕ ਮੰਡੀ ਨਾ ਲੈ ਜਾਣ, ਨਹੀਂ ਤਾਂ ਸਾਨੂੰ ਕਣਕ ਮੰਡੀ ਵਿੱਚੋਂ ਖਰੀਦਣੀ ਪਵੇਗੀ। ਅਸੀਂ ਵੀ ਤੁਹਾਡੇ ਤੋਂ ਹੀ ਕਣਕ ਖਰੀਦਣੀ ਹੈ।"

"ਹਾਂ ਅੰਕਲ, ਮੈਂ ਉਨ੍ਹਾਂ ਨੂੰ ਦੱਸ ਦੇਵਾਂਗਾ। ਚਾਚਾ, ਦਾਣਾ ਮੰਡੀ ਵਿੱਚੋਂ ਤਾਂ ਕਣਕ ਦੇ ਟਰੱਕ ਭਰ ਕੇ ਪਤਾ ਨਹੀਂ ਕਿੱਥੇ ਲਿਜਾਏ ਜਾ ਰਹੇ ਸੀ। ਮੈਂ ਵੀ ਪਾਪਾ ਨਾਲ ਦਾਣਾ ਮੰਡੀ ਦਾ ਇੱਕ ਗੇੜਾ ਲਾ ਆਇਆਂ।" ਜਗਤਾਰ ਨੇ ਉੱਤਰ ਦਿੱਤਾ।

"ਹਾਂ ਬੇਟਾ, ਉੱਥੇ ਕਿਸਾਨਾਂ ਤੋਂ ਅਨਾਜ ਖਰੀਦ ਕੇ, ਸਾਫ ਕਰਕੇ ਬੋਰੀਆਂ ਵਿੱਚ ਭਰਿਆ ਜਾਂਦਾ ਹੈ। ਫਿਰ ਇਸ ਨੂੰ ਟਰੱਕਾਂ ਰਾਹੀਂ ਗੁਦਾਮਾਂ ਵਿੱਚ ਪਹੁੰਚਾਇਆ ਜਾਂਦਾ ਹੈ, ਜਿੱਥੋਂ ਲੋੜ ਵਾਲੀਆਂ ਥਾਂਵਾਂ 'ਤੇ ਅਨਾਜ ਭੇਜਿਆ ਜਾਂਦਾ ਹੈ। ਰੇਲ-ਗੱਡੀਆਂ ਰਾਹੀਂ ਹੋਰ ਰਾਜਾਂ ਵਿੱਚ ਵੀ, ਜਿੱਥੇ ਇਹ ਚਾਹੀਦਾ ਹੋਵੇ।" ਪੱਪੂ ਨੇ ਜਗਤਾਰ ਨੂੰ ਸਮਝਾਇਆ।






*ਚਿੱਤਰ 10.4 ਦਾਣਾ ਮੰਡੀ ਦਾ ਦ੍ਰਿਸ਼*



*ਚਿੱਤਰ 10.5(ੳ) ਕਣਕ ਦੇ ਗੁਦਾਮ*



*ਚਿੱਤਰ 10.5 (ਅ) ਢੋਆ-ਢੁਆਈ*

ਪ੍ਰਸ਼ਨ 1. ਹੇਠ ਲਿਖੀਆਂ ਥਾਂਵਾਂ 'ਤੇ ਅਨਾਜ ਦਾ ਕੀ ਕੀਤਾ ਜਾਂਦਾ ਹੈ?

ਗੁਦਾਮ ਵਿੱਚ ______________________________

ਆਟਾ ਚੱਕੀ ______________________________

ਮੰਮੀ ਘਰ ਵਾਪਸ ਆਏ ਜਗਤਾਰ ਨੂੰ, "ਬੇਟਾ, ਤੇਰੇ ਪਾਪਾ ਨੂੰ ਯਾਦ ਕਰਵਾਈਂ ਕਿ ਅਗਲੇ ਗੇੜੇ ਸ਼ਹਿਰੋਂ ਮਸਰੀ ਦੀ ਦਾਲ ਲੈ ਕੇ ਆਉਣ।

"ਮੰਮੀ, ਆਪਾਂ ਕਿੰਨੀ ਜ਼ਿਆਦਾ ਮੂੰਗੀ ਬੀਜੀ ਸੀ, ਉਹ ਕਿੱਥੇ ਗਈ?" ਜਗਤਾਰ ਨੇ ਪੁੱਛਿਆ।

ਮੰਮੀ ਬੋਲੀ, "ਪੁੱਤਰ, ਦਾਲ ਵੀ ਖਾਣ ਲਈ ਬਦਲਵੀਂ ਚਾਹੀਦੀ ਏ ਨਾ। ਆਪਾਂ ਲੋੜ ਅਨੁਸਾਰ ਮੂੰਗੀ ਰੱਖ ਕੇ ਬਾਕੀ ਮੰਡੀ ਵੇਚ ਦਿੱਤੀ। ਛੋਲੀਆ ਵੀ ਖੇਤ ਬੀਜਿਆ ਹੋਇਆ ਹੀ ਹੈ। ਹੁਣ ਉਸਦੇ ਦਾਣੇ ਕੱਢ ਕੇ ਸਬਜ਼ੀ ਬਣਾਉਂਦੇ ਹਾਂ, ਉਸੇ ਦੇ ਪੱਕੇ ਦਾਣਿਆਂ ਤੋਂ ਛੋਲਿਆਂ ਦੀ ਦਾਲ ਬਣ ਜਾਇਆ ਕਰੇਗੀ। ਬਾਕੀ ਮਸਰੀ ਅਤੇ ਮੋਠ ਤਾਂ ਆਪਾਂ ਬਾਜ਼ਾਰੋਂ ਕਰਿਆਨੇ ਦੀ ਦੁਕਾਨ ਤੋਂ ਹੀ ਖਰੀਦਦੇ ਹਾਂ।"

"ਮੰਮੀ, ਕਰਿਆਨੇ ਵਾਲੇ ਦਾਲਾਂ ਆਪ ਬੀਜਦੇ ਨੇ ?" ਜਗਤਾਰ ਨੇ ਉਤਸੁਕਤਾ ਨਾਲ ਪੁੱਛਿਆ

"ਨਹੀਂ ਬੇਟਾ, ਉਹ ਦਾਲਾਂ ਮੰਡੀ ਵਿੱਚੋਂ ਹੀ ਖਰੀਦਦੇ ਨੇ।" ਮੰਮੀ ਨੇ ਦੱਸਿਆ।

### ਹੋਰ ਜਾਣਕਾਰੀ ਲਈ

ਕਣਕ ਤੋਂ ਬਿਨਾਂ ਹੋਰ ਵੀ ਅਨਾਜ ਜਿਵੇਂ ਚਾਵਲ, ਮੱਕੀ, ਬਾਜਰਾ, ਜੌਂ, ਜਵੀਂ ਅਤੇ ਜਵਾਰ ਹਨ ਅਤੇ ਹੋਰ ਦਾਲਾਂ ਜਿਵੇਂ ਮਟਰ, ਚਨਾ, ਅਰਹਰ, ਸੇਮ, ਉੜਦ ਆਦਿ ਹਨ।

ਪ੍ਰਸ਼ਨ 2. ਤੁਸੀਂ ਘਰ ਵਿੱਚ ਕਿਹੜੇ-ਕਿਹੜੇ ਅਨਾਜ ਅਤੇ ਦਾਲਾਂ ਵਰਤਦੇ ਹੋ ? ਹੇਠਾਂ ਉਨ੍ਹਾਂ ਦੇ ਨਾਂ ਲਿਖੋ ? (ਤੁਸੀਂ ਆਪਣੇ ਮਾਤਾ-ਪਿਤਾ ਦੀ ਮੱਦਦ ਲੈ ਸਕਦੇ ਹੋ।)

ਅਨਾਜ ______________________________

ਦਾਲਾਂ ______________________________

ਕਿਰਿਆ : 1 ਵਿਦਿਆਰਥੀਆਂ ਤੋਂ ਚਾਰਟ ਉੱਪਰ ਵੱਖ-ਵੱਖ ਅਨਾਜ ਅਤੇ ਦਾਲਾਂ ਲਗਵਾ ਕੇ, ਉਨ੍ਹਾਂ ਦੀ ਪਹਿਚਾਣ ਕਰਵਾਈ ਜਾਵੇ।

ਮੰਮੀ ਰਸੋਈ ਵਿੱਚ ਮੂੰਗੀ ਦੀ ਦਾਲ ਬਣਾ ਰਹੀ ਸੀ।

"ਮੰਮੀ, ਬੜੀ ਵਧੀਆ ਖੁਸ਼ਬੂ ਆ ਰਹੀ ਹੈ। ਦਾਲ ਵਿੱਚ ਅਜਿਹਾ ਕੀ ਪਾਇਆ ਹੈ ?" ਜਗਤਾਰ ਨੇ ਪੁੱਛਿਆ।


"ਪੁੱਤਰ, ਮੈਂ ਦਾਲ ਵਿੱਚ, ਬਗੀਚੀ ਵਿੱਚੋਂ ਤੋੜ ਕੇ ਧਣੀਏ ਦੇ ਪੱਤੇ ਪਾਏ ਨੇ ਅਤੇ ਜੀਰਾ ਵੀ ਭੁੰਨ ਕੇ ਪਾਇਆ ਹੈ। ਨਾਲੇ ਮੈਂ ਪੁਦੀਨੇ ਦੀ ਚੱਟਨੀ ਵੀ ਕੁੱਟ ਰਹੀ ਹਾਂ।" ਮੰਮੀ ਨੇ ਜਵਾਬ ਦਿੱਤਾ।

ਜਗਤਾਰ ਝੱਟ ਬੋਲਿਆ, "ਮੰਮੀ, ਮੈਂ ਖੇਤੋਂ ਹਰੀਆਂ ਮਿਰਚਾਂ ਵੀ ਤੋੜ ਕੇ ਲਿਆਂਵਾਂਗਾ।"

"ਠੀਕ ਹੈ ਪੁੱਤਰ, ਪਰ ਮਿਰਚਾਂ ਨੂੰ ਹਰੀਆਂ ਨੂੰ ਹੀ ਤੋੜ-ਤੋੜ ਨਾ ਖਤਮ ਕਰ ਦਿਓ। ਆਪਾਂ ਸੁੱਕੀਆਂ ਲਾਲ ਮਿਰਚਾਂ ਪਿਸਾਉਣੀਆਂ ਵੀ ਨੇ। ਨਾਲੇ ਤੇਰੇ ਪਾਪਾ ਨੇ ਹਲਦੀ ਵੀ ਬੀਜੀ ਹੈ। ਉਸ ਦੀਆਂ ਵੀ ਪੱਕੀਆਂ ਗੰਢੀਆਂ ਪਿਸਾਵਾਂਗੇ। ਆਪਾਂ ਜਿਆਦਾਤਰ ਘਰ ਦੇ ਸ਼ੁੱਧ ਮਸਾਲੇ ਹੀ ਵਰਤਦੇ ਹਾਂ।" ਮੰਮੀ ਨੇ ਸਮਝਾਇਆ।

ਜਗਤਾਰ ਨੇ ਪੁੱਛਿਆ, "ਮੰਮੀ, ਇਹ ਵੀ ਪੱਪੂ ਚਾਚੇ ਤੋਂ ਹੀ ਪਿਸਾਵਾਂਗੇ ?"

"ਨਹੀਂ ਪੁੱਤਰ, ਮਸਾਲੇ ਪੀਸਣ ਲਈ ਬਾਜ਼ਾਰ ਵਿੱਚ ਹੋਰ ਮਸ਼ੀਨਾਂ ਹੁੰਦੀਆਂ ਨੇ।" ਮੰਮੀ ਨੇ ਦੱਸਿਆ।





*ਚਿੱਤਰ 10.6 ਧਨੀਆਂ ਅਤੇ ਹਲਦੀ ਦਾ ਪੌਦਾ*



*ਚਿੱਤਰ 10 .7 ਵੱਖ-ਵੱਖ ਮਸਾਲੇ*

ਹੋਰ ਜਾਣਕਾਰੀ ਲਈ

ਸੌਂਫ਼, ਦਾਲ-ਚੀਨੀ, ਲੌਂਗ, ਇਲਾਇਚੀ, ਕਾਲੀ-ਮਿਰਚ, ਕੇਸਰ, ਸੁੰਢ, ਅਜਵੈਣ ਅਤੇ ਰਾਈ ਹੋਰ ਮਸਾਲੇ ਹਨ।

ਪ੍ਰਸ਼ਨ 3. ਤੁਹਾਡੇ ਘਰ ਵਿੱਚ ਇਨ੍ਹਾਂ ਵਿੱਚੋਂ ਕਿਹੜੇ-ਕਿਹੜੇ ਮਸਾਲੇ ਵਰਤੇ ਜਾਂਦੇ ਹਨ ? ਆਪਣੀ ਮੰਮੀ ਤੋਂ ਜਾਣੋ ਅਤੇ ਹੇਠਾਂ ਲਿਖੋ ?


_______________________________________________

ਪ੍ਰਸ਼ਨ 4. ਤੁਸੀਂ ਆਪਣੇ ਘਰ ਅਨਾਜ, ਦਾਲਾਂ ਅਤੇ ਮਸਾਲੇ ਕਿੱਥੋਂ ਲਿਆਉਂਦੇ ਹੋ ? ਆਪਣੇ ਮਾਤਾ-ਪਿਤਾ ਤੋਂ ਪੁੱਛੋ ਅਤੇ ਹੇਠਾਂ ਲਿਖੋ ?

_______________________________________________

ਅਧਿਆਪਕ ਲਈ : ਵੱਖ-ਵੱਖ ਮਸਾਲਿਆਂ ਦੇ ਕੁੱਝ ਨਮੂਨੇ, ਜਮਾਤ ਵਿੱਚ ਇੱਕ ਮੇਜ਼ 'ਤੇ ਰੱਖੋ। ਵਿਦਿਆਰਥੀਆਂ ਨੂੰ ਵਾਰੀ- ਵਾਰੀ ਅੱਖਾਂ ਬੰਦ ਕਰਕੇ ਵੱਖ-ਵੱਖ ਮਸਾਲਿਆਂ ਦੀ ਖੁਸ਼ਬੂ ਅਤੇ ਸਵਾਦ ਰਾਹੀਂ ਪਹਿਚਾਣ ਕਰਵਾਉ ਅਤੇ ਪਹਿਚਾਣੇ ਗਏ ਮਸਾਲਿਆਂ ਦੀ ਸੂਚੀ ਬਣਵਾਉ।

ਕਾਮਿਆਂ ਦੀ ਰੋਟੀ ਲੈ ਕੇ ਜਗਤਾਰ ਖੇਤ ਪਹੁੰਚਿਆ ਤਾਂ ਪਾਪਾ ਨੇ ਕਿਹਾ, "ਪੁੱਤਰ, ਜਿਹੜੀ ਸਬਜ਼ੀ ਸ਼ਾਮ ਨੂੰ ਖਾਣ ਨੂੰ ਦਿਲ ਕਰਦਾ ਹੈ, ਜਾਂਦਾ ਹੋਇਆ ਖੇਤੋਂ ਲੈ ਜਾਵੀਂ। ਸਬਜ਼ੀਆਂ ਤੋੜ ਕੇ ਕਾਮਿਆਂ ਨੇ ਢੇਰੀਆਂ ਲਗਾ ਰੱਖੀਆਂ ਨੇ। ਫਿਰ ਉਹ ਸਬਜ਼ੀਆਂ, ਸਬਜ਼ੀ ਮੰਡੀ ਵੇਚ ਆਉਣਗੇ।"





*ਚਿੱਤਰ 10 .8 ਕਰੇਲੇ ਦੀ ਵੇਲ ਅਤੇ ਬੈਂਗਣ ਦਾ ਪੌਦਾ*

ਪ੍ਰਸ਼ਨ 5. ਤਿੰਨ ਸਰਦੀ ਅਤੇ ਤਿੰਨ ਗਰਮੀ ਦੀ ਰੁੱਤ ਦੀਆਂ ਸਬਜ਼ੀਆਂ ਦੇ ਨਾਂ ਲਿਖੋ ?

ਸਰਦੀ ਰੁੱਤ ਦੀਆਂ ਸਬਜ਼ੀਆਂ ______________________________

ਗਰਮੀ ਰੁੱਤ ਦੀਆਂ ਸਬਜ਼ੀਆਂ ______________________________

"ਪਾਪਾ, ਤੁਸੀਂ ਸਰ੍ਹੋਂ ਦੀ ਫ਼ਸਲ ਕਿਉਂ ਵੱਢ ਦਿੱਤੀ ? ਮੈਨੂੰ ਉਸ ਦਾ ਸਾਗ ਬਹੁਤ ਪਸੰਦ ਸੀ।" ਸਬਜ਼ੀ ਤੋੜ ਰਹੇ ਕਾਮਿਆਂ ਕੋਲੋਂ ਭਿੰਡੀਆਂ ਲਿਆਉਂਦਾ ਹੋਇਆ ਜਗਤਾਰ ਬੋਲਿਆ।

ਪਾਪਾ ਬੋਲੇ, "ਪੁੱਤਰ, ਹਰ ਫਸਲ ਦੀ ਆਪਣੀ – ਆਪਣੀ ਰੁੱਤ ਹੁੰਦੀ ਹੈ। ਸਰ੍ਹੋਂ ਹੁਣ ਪੱਕ ਗਈ ਸੀ। ਉਸ ਦੇ ਬੀਜ ਅਲੱਗ ਕਰਕੇ ਆਪਾਂ ਵੇਚ ਦਿੱਤੇ ਅਤੇ ਕੁਝ ਸਰ੍ਹੋਂ ਦਾ ਤੇਲ ਕਢਵਾ ਲਿਆ।"

"ਪਾਪਾ, ਫੇਰ ਆਪਾਂ ਸਬਜ਼ੀ ਵਿੱਚ ਪਾਉਣ ਲਈ ਰਿਫਾਈਂਡ ਤੇਲ ਬਾਜ਼ਾਰੋਂ ਕਿਉਂ ਲਿਆਉਂਦੇ ਹਾਂ ?" ਜਗਤਾਰ ਨੇ ਪੁੱਛਿਆ।

ਪਾਪਾ ਨੇ ਸਮਝਾਇਆ, "ਪੁੱਤਰ, ਸਰ੍ਹੋਂ ਤੋਂ ਇਲਾਵਾ, ਰਿਫਾਈਂਡ ਤੇਲ ਸੂਰਜਮੁੱਖੀ ਅਤੇ ਕਈ ਹੋਰ ਫ਼ਸਲਾਂ ਤੋਂ ਵੀ ਕੱਢਿਆ ਜਾਂਦਾ ਹੈ, ਜਿਹੜੀਆਂ ਆਪਾਂ ਨਹੀਂ ਬੀਜਦੇ।"



*ਚਿੱਤਰ 10.9 ਸਰ੍ਹੋਂ ਦੀ ਫ਼ਸਲ*



*ਚਿੱਤਰ 10.10 ਤੇਲ ਕੱਢਣ ਦਾ ਦ੍ਰਿਸ਼*

**ਹੋਰ ਜਾਣਕਾਰੀ ਲਈ**

ਸੋਇਆਬੀਨ, ਨਰਮਾ, ਬਦਾਮ, ਮੂੰਗਫਲੀ ਕੁੱਝ ਹੋਰ ਫ਼ਸਲਾਂ ਹਨ, ਜਿੰਨ੍ਹਾਂ ਵਿੱਚੋਂ ਤੇਲ ਨਿਕਲਦਾ ਹੈ।

ਪ੍ਰਸ਼ਨ 6. ਤੁਸੀਂ ਘਰ ਵਿੱਚ ਕਿਹੜੇ-ਕਿਹੜੇ ਖਾਣ ਵਾਲੇ ਤੇਲ ਵਰਤਦੇ ਹੋ ? ਹੇਠਾਂ ਲਿਖੋ ?
(ਤੁਸੀ ਆਪਣੇ ਮਾਤਾ ਜੀ ਦੀ ਮਦਦ ਲੈ ਸਕਦੇ ਹੋ।)

______________________________

"ਪਾਪਾ, ਮੈਂ ਫ਼ਲ ਖਾਣੇ ਨੇ । ਮੈਨੂੰ ਵੀ ਇਸ ਗੇੜੇ ਮੰਡੀ ਲੈ ਜਾਓਗੇ ?" ਜਗਤਾਰ ਨੇ ਪੁੱਛਿਆ।

ਪਾਪਾ ਨੇ ਕਿਹਾ, "ਪੁੱਤਰ, ਤੂੰ ਘਰ ਜਾਂਦਾ ਹੋਇਆ, ਤੇਰੇ ਚਾਚਾ ਜੀ ਦੇ ਖੇਤੋਂ ਅਨਾਰ ਲੈ ਜਾਵੀਂ। ਤੇਰੀ ਪਸੰਦ ਦੇ ਹੋਰ ਫ਼ਲ ਮੈਂ ਤੈਨੂੰ ਮੰਡੀਓਂ ਲਿਆ ਦੇਵਾਂਗਾ।"

ਜਗਤਾਰ ਦੇ ਚਾਚਾ ਜੀ ਦੇ ਖੇਤ ਵਿੱਚ ਅਨਾਰਾਂ ਦਾ ਬਾਗ ਸੀ। ਕਾਮੇ ਅਨਾਰਾਂ ਨੂੰ ਲੱਕੜ ਦੇ ਬਕਸਿਆਂ ਵਿੱਚ ਭਰ ਰਹੇ ਸਨ।



*ਚਿੱਤਰ 10.11 ਅਨਾਰ ਦਾ ਪੌਦਾ*

"ਤੁਸੀ ਅਨਾਰ ਕਿੱਥੇ ਲਿਜਾ ਰਹੇ ਹੋ ?" ਕੋਲ ਖੜ੍ਹੇ ਮਿੰਨੀ ਟਰੱਕ ਦੇ ਡਰਾਈਵਰ ਤੋਂ ਜਗਤਾਰ ਨੇ ਪੁੱਛਿਆ। ਡਰਾਈਵਰ ਨੇ ਦੱਸਿਆ, "ਅਸੀਂ ਫ਼ਲਾਂ ਦੇ ਬਾਗਾਂ ਵਿੱਚੋਂ ਵੱਖ-ਵੱਖ ਫ਼ਲ ਮੰਡੀ ਵਿੱਚ ਪਹੁੰਚਾਉਂਦੇ ਹਾਂ। ਇਨ੍ਹਾਂ ਫ਼ਲਾਂ ਨੂੰ ਰੇੜ੍ਹੀਆਂ ਵਾਲੇ ਖਰੀਦ ਕੇ ਲੋਕਾਂ ਨੂੰ ਵੇਚਦੇ ਨੇ।"

ਓਧਰ, ਜਗਤਾਰ ਦੇ ਪਾਪਾ ਨੇ ਫ਼ਲਾਂ ਦੀ ਮੰਡੀ ਵਿੱਚ ਪਹੁੰਚ ਕੇ, ਉਸ ਲਈ ਹੋਰ ਫ਼ਲ ਖਰੀਦੇ। ਮੰਡੀ ਵਿੱਚ ਸਬਜ਼ੀਆਂ ਅਤੇ ਫ਼ਲਾਂ ਦੀਆਂ ਰੇੜ੍ਹੀਆਂ ਲੱਗੀਆਂ ਹੋਈਆਂ ਸਨ।



*ਚਿੱਤਰ 10.12 ਸਬਜ਼ੀ ਮੰਡੀ ਵਿੱਚ ਵੱਖ-ਵੱਖ ਫ਼ਲ ਅਤੇ ਸਬਜ਼ੀਆਂ*

ਪ੍ਰਸ਼ਨ 7. ਤੁਹਾਡੇ ਇਲਾਕੇ ਵਿੱਚ ਕਿਹੜੇ-ਕਿਹੜੇ ਫ਼ਲ ਉਗਾਏ ਜਾਂਦੇ ਹਨ ? ਹੇਠਾਂ ਉਨ੍ਹਾਂ ਦੇ ਨਾਂ ਲਿਖੋ ? (ਤੁਸੀਂ ਆਪਣੇ ਮਾਤਾ-ਪਿਤਾ, ਅਧਿਆਪਕ ਦੀ ਮੱਦਦ ਲੈ ਸਕਦੇ ਹੋ।)

______________________________

ਜਗਤਾਰ ਦੇ ਚਾਚਾ ਜੀ ਨੇ ਆਪਣੇ ਘਰ ਬੇਟੀ ਦੇ ਜਨਮ ਦੀ ਖੁਸ਼ੀ ਵਿੱਚ ਅਗਲੇ ਐਤਵਾਰ 'ਅਖੰਡ ਪਾਠ' ਦਾ ਭੋਗ ਪੁਆਉਣਾ ਸੀ। ਇਸ ਲਈ ਉਨ੍ਹਾਂ ਨੇ ਵੀ ਬਜ਼ਾਰੋਂ ਲੋੜੀਂਦਾ ਸਾਮਾਨ ਖਰੀਦ ਲਿਆ। ਫਿਰ ਉਹ ਘਰ ਮੁੜ ਆਏ।

ਕਿਰਿਆ : 3 ਪਹੇਲੀਆਂ ਬੁੱਝੋ ?

1. ਕਟੋਰੇ 'ਚ ਕਟੋਰਾ, ਬੇਟਾ ਬਾਪ ਤੋਂ ਵੀ ਗੋਰਾ। ______________________

2. ਵੱਟ ਤੇ ਖੜ੍ਹਾ ਪਟਵਾਰੀ, ਲੱਤਾਂ ਥੋਥੀਆਂ ਸਿਰ ਭਾਰੀ। ______________________

3. ਨਿੱਕਾ ਜਿਹਾ ਸਿਪਾਹੀ, ਉਹਦੀ ਖਿੱਚ ਕੇ ਵਰਦੀ ਲਾਹੀ। ______________________

4. ਹਰੀ ਸੀ ਮਨ ਭਰੀ ਸੀ, ਲਾਲਾਂ ਮੋਤੀ ਜੜੀ ਸੀ।
   ਰਾਜਾ ਜੀ ਦੇ ਬਾਗ 'ਚ, ਦੁਸ਼ਾਲਾ ਲਈ ਖੜ੍ਹੀ ਸੀ।। ______________________


5. ਹਰੀ-ਹਰੀ, ਲਾਲ-ਲਾਲ, ਲੱਗਦੀ ਸੀ ਸੋਹਣੀ।
   ਮੂੰਹ ਵਿੱਚ ਪਾ ਲਈ, ਬੜ੍ਹੀ ਹੋਈ ਅਣਹੋਣੀ । ______________________

ਜੇਕਰ ਨਾ ਬੁੱਝੀ ਜਾਵੇ ਤਾਂ ਦਿੱਤੇ ਉੱਤਰਾਂ ਵਿੱਚੋਂ, ਜਵਾਬ ਲੱਭ ਲਓ।

ਉੱਤਰ - ਮੱਕੀ ਦੀ ਛੱਲੀ, ਨਾਰੀਅਲ, ਹਰੀ ਅਤੇ ਲਾਲ ਮਿਰਚ, ਕੇਲਾ, ਪਿਆਜ

ਅਧਿਆਪਕ ਲਈ :ਵਿਦਿਆਰਥੀਆਂ ਨਾਲ ਅਜਿਹੀਆਂ ਹੋਰ ਬੁਝਾਰਤਾਂ ਵੀ ਸਾਂਝੀਆਂ ਕੀਤੀਆਂ ਜਾਣ।

ਕਿਰਿਆ 2. ਹੇਠ ਦਿੱਤੀਆਂ ਤਸਵੀਰਾਂ ਨੂੰ ਪਹਿਚਾਣ ਕੇ, ਸਾਹਮਣੇ ਉਨ੍ਹਾਂ ਦਾ ਨਾਂ ਲਿਖੋ ? ਉਸ ਤੋਂ ਅੱਗੇ ਦਿੱਤੀ ਜਗ੍ਹਾ ਵਿੱਚ ਇਸ ਕਿਸਮ ਦੀਆਂ ਦੋ-ਦੋ ਹੋਰ ਫ਼ਸਲਾਂ ਦੇ ਨਾਂ ਲਿਖੋ ?

| ਪਹਿਚਾਣੋ | ਨਾਂ ਲਿਖੋ | ਉਦਾਹਰਨ 1 | ਉਦਾਹਰਨ 2 |
|---|---|---|---|
|  ਚਿੱਤਰ 10.13 (ਸਬਜ਼ੀ) | __________ | __________ | __________ |
|  ਚਿੱਤਰ 10.14 (ਫਲ) | __________ | __________ | __________ |

| ਪਹਿਚਾਣੋ | ਨਾਂ ਲਿਖੋ | ਉਦਾਹਰਨ 1 | ਉਦਾਹਰਨ 2 |
|---|---|---|---|
|  *ਚਿੱਤਰ 10.15 (ਫੁੱਲ)* | ____________ | ____________ | ____________ |
|  *ਚਿੱਤਰ 10.16 (ਮਸਾਲੇ)* | ____________ | ____________ | ____________ |
|  *ਚਿੱਤਰ 10.17 (ਦਾਲ)* | ____________ | ____________ | ____________ |

ਆਓ ! ਫਸਲਾਂ ਬਾਰੇ ਇੱਕ ਕਵਿਤਾ ਗਾਈਏ –

ਕਣਕ ਮੱਕੀ ਚਾਵਲ ਅਨਾਜ, ਬਹੁਤੇ ਲੋਕੀਂ ਖਾਂਦੇ।
ਜਵਾਰ ਬਾਜਰਾ ਜੌਂ ਜਈ ਤੇ, ਰਾਗੀ ਕਈ ਪਚਾਂਦੇ
ਮਟਰ ਚਨਾ ਅਰਹਰ ਸੇਮ ਤੇ, ਉੜਦ ਮੂੰਗ ਦੀ ਦਾਲ।
ਮਸਾਲੇ ਮੇਥੀ ਹਲਦੀ ਜੀਰਾ, ਧਣੀਆਂ ਮਿਰਚਾਂ ਲਾਲ
ਦਾਲ-ਚੀਨੀ ਅਦਰਕ ਲਸਣ, ਪਿਆਜ਼ ਪੁਦੀਨਾ ਸਾਰੇ ਭਾਉਂਦੇ।
ਮਿਰਚ ਕਾਲੀ ਰਾਈ ਲੌਂਗ ਇਲਾਇਚੀ, ਸੁੰਢ ਜਵੈਣ ਮਰੂਆ ਪਾਉਂਦੇ

ਬੈਂਗਣ ਭਿੰਡੀ ਫੁੱਲ ਬੰਦ ਗੱਠ ਗੋਭੀ, ਸਾਗ ਪਾਲਕ ਤੇ ਚੌਲਾਈ।
ਗਾਜਰ ਆਲੂ ਕਰੇਲਾ ਪੇਠਾ, ਕੱਦੂ ਤੋਰੀ ਦੀ ਸਬਜ਼ੀ ਬਣਾਈਂ
ਸਰੋਂ ਨਾਰੀਅਲ ਸੂਰਜਮੁੱਖੀ, ਸਭ ਖਾਣ ਨੂੰ ਦਿੰਦੇ ਤੇਲ।
ਸੋਇਆਬੀਨ ਬਾਦਾਮ ਮੂੰਗਫਲੀ, ਨਰਮਾ ਵੀ ਹੁਣ ਵਿੱਚੇ ਮੇਲ
ਅੰਬ ਸੇਬ ਨਾਸ਼ਪਾਤੀ ਆੜੂ, ਜਾਮਣ ਬੇਰ, ਤਰਬੂਜ਼।
ਆਲੂਬੁਖਾਰਾ ਸੰਤਰਾ ਮੁਸੰਮੀ, ਕੇਲਾ ਅਤੇ ਅਮਰੂਦ
ਅੰਜੀਰ ਪਪੀਤਾ ਅਨਾਰ ਅਨਾਨਸ, ਸਾਰੇ ਫ਼ਲ ਅਖਵਾਉਂਦੇ।
ਖੰਜੂਰ ਅੰਗੂਰ ਸ਼ਹਿਤੂਤ ਸੀਤਾ ਫ਼ਲ, ਸਾਰੇ ਵਿੱਚੇ ਆਉਂਦੇ

ਪਾਠ - 11

# ਮਿਲ-ਜੁਲ ਬੈਠੀਏ, ਰਲ-ਮਿਲ ਖਾਈਏ

ਖੁਸ਼ੀ - ਗਮੀ ਦੇ ਕਈ ਮੌਕਿਆਂ ਤੇ, ਲੋਕੀਂ ਜਦ ਮਿਲ ਜਾਂਦੇ,
ਹਲਵਾਈ ਤੇ ਬਹਿਰੇ ਸੁਆਦੀ, ਭੋਜਨ ਫਿਰ ਵਰਤਾਂਦੇ।

ਖੁਸ਼ੀਆਂ ਮੌਕੇ ਖਾਂਦੇ ਪੀਂਦੇ, ਰਲ-ਮਿਲ ਜਸ਼ਨ ਮਨਾਉਂਦੇ,
ਗਮ ਮੌਕੇ ਵੀ ਖਾਣਾ ਪੈਂਦੈ, ਆ ਦੂਰੋਂ ਦਰਦ ਵੰਡਾਉਂਦੇ।

ਗੁਰਦੁਆਰੇ ਮੰਦਰਾਂ ਵਿੱਚ ਲੰਗਰ, ਸੇਵਾਦਾਰ ਵਰਤਾਂਦੇ,
ਸ਼ਰਧਾ ਦੇ ਨਾਲ ਸੀਸ ਝੁਕਾ ਕੇ, ਸਭ ਲੋਕੀਂ ਫਿਰ ਖਾਂਦੇ।

ਪਾਰਟੀਆਂ ਵਿੱਚ ਆਪੇ ਚੁੱਕੋ, ਜਾਂ ਬਹਿਰੇ ਫਿਰਨ ਖੁਆਂਦੇ,
ਬਿਨ ਖਾਧਿਆਂ ਦੱਸ ਕਾਹਦੇ ਮੇਲੇ, ਤਾਹੀਓਂ ਰਲ-ਮਿਲ ਖਾਂਦੇ।

ਜਗਤਾਰ ਦੇ ਚਾਚਾ ਜੀ ਵੱਲੋਂ ਆਪਣੀ ਬੇਟੀ ਦੇ ਜਨਮ ਦੀ ਖੁਸ਼ੀ ਵਿੱਚ ਰਖਵਾਏ ਗਏ 'ਅਖੰਡ ਪਾਠ' ਦਾ ਭੋਗ ਪੈਣਾ ਸੀ। ਕੱਲ੍ਹ ਸ਼ਾਮ ਤੋਂ ਹੀ ਘਰ ਵਿੱਚ ਬੜੀ ਰੌਣਕ ਸੀ। ਸਾਰੇ ਰਿਸ਼ਤੇਦਾਰ ਪਹੁੰਚ ਚੁੱਕੇ ਸਨ। ਪਿੰਡ ਦੇ ਲੋਕ ਵੀ ਆ ਰਹੇ ਸਨ। ਪ੍ਰੋਗਰਾਮ ਲਈ ਤਿਆਰੀਆਂ ਚੱਲ ਰਹੀਆਂ ਸਨ।

ਕਈ ਜਣਿਆਂ ਨੇ ਇੱਕਠੇ ਹੋ ਕੇ ਕਾਫ਼ੀ ਸਾਰੀ ਸਬਜ਼ੀ ਕੱਟ ਲਈ। ਹਲਵਾਈ ਅਤੇ ਉਸਦੇ ਸਾਥੀਆਂ ਨੇ ਵੱਡੇ-ਵੱਡੇ ਕੜਾਹਿਆਂ ਵਿੱਚ ਲੱਡੂ, ਜਲੇਬੀਆਂ ਅਤੇ ਕੁੱਝ ਹੋਰ ਮਿਠਾਈਆਂ ਤਿਆਰ ਕਰ ਲਈਆਂ।

ਅੱਜ ਸਵੇਰੇ ਉਨ੍ਹਾਂ ਨੇ ਵੱਡੇ-ਵੱਡੇ ਦੇਗਿਆਂ ਵਿੱਚ ਸਬਜ਼ੀ ਅਤੇ ਦਾਲ ਬਣਾ ਲਈ। ਇਕ ਵੱਡੇ ਟੈਂਟ ਵਿੱਚ ਚਾਹ ਪਾਣੀ ਦਾ ਪ੍ਰੋਗਰਾਮ ਸੀ। ਅੰਦਰ ਜਾਣ ਵਾਲੇ, ਪਲੇਟਾਂ ਵਿੱਚ ਆਪਣੀ ਪਸੰਦ ਦੀ ਮਿਠਾਈ ਰੱਖਦੇ ਅਤੇ ਚਾਹ-ਪਾਣੀ ਪੀਣ ਤੋਂ ਬਾਅਦ, ਹੱਥ ਧੋ ਕੇ ਮੱਥਾ ਟੇਕਣ ਲਈ ਜਾਂਦੇ ਸਨ।

ਪਾਠ ਦੇ ਭੋਗ ਤੋਂ ਬਾਅਦ ਬਾਬਾ ਜੀ ਨੇ ਬੱਚੀ ਦੀ ਲੰਬੀ ਉਮਰ ਅਤੇ ਸਫ਼ਲਤਾ ਲਈ ਅਰਦਾਸ ਕੀਤੀ। ਇਸ ਤੋਂ ਬਾਅਦ ਪ੍ਰਸ਼ਾਦ ਵੰਡਿਆ ਗਿਆ, ਜਿਹੜਾ ਸਾਰਿਆਂ ਨੇ ਉੱਥੇ ਹੀ ਬੈਠ ਕੇ ਬੜੀ ਸ਼ਰਧਾ ਨਾਲ ਛਕਿਆ।

ਉਸ ਤੋਂ ਬਾਅਦ 'ਗੁਰੂ ਦਾ ਲੰਗਰ' ਛਕਣ ਲਈ ਸਾਰੇ ਜਣਿਆਂ ਨੇ ਕਤਾਰਾਂ ਬਣਾ ਲਈਆਂ। ਸੇਵਾਦਾਰਾਂ ਨੇ ਲੰਗਰ ਵਰਤਾਇਆ, ਜਿਹੜਾ ਸਾਰਿਆਂ ਨੇ ਬੜੀ ਸ਼ਰਧਾ ਨਾਲ ਛਕਿਆ।

ਖਾਣਾ ਖਾ ਰਹੀਆਂ ਸਕੂਲ ਦੀਆਂ ਬੱਚੀਆਂ, ਜਸਪ੍ਰੀਤ ਅਤੇ ਕਿਰਨ ਨੇ ਇਹ ਸਾਰਾ ਕੁੱਝ ਬਹੁਤ ਧਿਆਨ ਨਾਲ ਦੇਖਿਆ।

"ਸਾਡੇ ਸਕੂਲ ਵਿੱਚ ਦੁਪਹਿਰ ਦਾ ਭੋਜਨ ਵੀ ਇਸੇ ਤਰ੍ਹਾਂ ਬੈਠਾ ਕੇ ਸਾਨੂੰ ਖੁਆਇਆ ਜਾਂਦਾ ਹੈ।" ਜਸਪ੍ਰੀਤ ਬੋਲੀ।



ਚਿੱਤਰ 11.1 ਗੁਰੂ ਦਾ ਲੰਗਰ

ਕਿਰਨ ਨੇ ਕਿਹਾ, "ਪਰ ਵਿਆਹਾਂ-ਸ਼ਾਦੀਆਂ ਅਤੇ ਪਾਰਟੀਆਂ ਵਿੱਚ ਤਾਂ ਇਵੇਂ ਨਹੀਂ ਹੁੰਦਾ ਨਾ। ਮੈਂ ਮੇਰੇ ਮਾਮਾ ਜੀ ਦੇ ਵਿਆਹ ਵਿੱਚ ਵੇਖਿਆ ਸੀ। ਉੱਥੇ ਤਾਂ ਖਾਣੇ ਵਾਲੇ ਮੇਜਾਂ 'ਤੇ ਸਾਰਾ ਕੁੱਝ ਰੱਖਿਆ ਹੋਇਆ ਸੀ। ਲੋਕ ਆਪਣੀ ਪਸੰਦ ਦੀ ਦਾਲ-ਸਬਜ਼ੀ ਅਤੇ ਹੋਰ ਭੋਜਨ ਆਪ ਹੀ ਆਪਣੀ-ਆਪਣੀ ਪਲੇਟ ਵਿੱਚ ਰੱਖ ਰਹੇ ਸੀ। ਜਿਵੇਂ ਏਥੇ ਪਾਠ ਤੋਂ ਪਹਿਲਾਂ ਚਾਹ ਪੀਣ ਵੇਲੇ ਦਾ ਪ੍ਰਬੰਧ ਸੀ।"





ਚਿੱਤਰ 11.2 ਹਲਵਾਈ ਰਾਹੀਂ ਤਿਆਰ ਕੀਤਾ ਜਾ ਰਿਹਾ ਅਤੇ ਪਰੋਸਿਆ ਭੋਜਨ





ਚਿੱਤਰ 11.3 ਮਿਲ-ਜੁਲ ਕੇ ਖਾਣਾ-ਪੀਣਾ

"ਪ੍ਰੋਗਰਾਮ ਦੇ ਹਿਸਾਬ ਨਾਲ ਪ੍ਰਬੰਧ ਦਾ ਫ਼ਰਕ ਤਾਂ ਹੁੰਦਾ ਹੀ ਹੈ। ਮੇਰੇ ਭੂਆ ਜੀ ਦੀ ਬੇਟੀ ਦਸਦੀ ਸੀ ਕਿ ਅਸੀਂ ਹੋਸਟਲ ਵਿੱਚ ਖਾਣੇ ਤੋਂ ਪਹਿਲਾਂ ਅਤੇ ਬਾਅਦ ਵਿੱਚ ਪ੍ਰਾਰਥਨਾ ਕਰਦੇ ਹਾਂ।" ਜਸਪ੍ਰੀਤ ਨੇ ਕਿਹਾ।

"ਵਿਆਹਾਂ ਵਿੱਚ ਤਾਂ ਹੋਰ ਵੀ ਕਈ ਕਿਸਮ ਦੀਆਂ ਖਾਣ ਵਾਲੀਆਂ ਚੀਜ਼ਾਂ, ਕੋਲ-ਡਰਿੰਕਸ, ਆਈਸ-

ਕਰੀਮ ਅਤੇ ਪਕਵਾਨ ਹੁੰਦੇ ਨੇ।" ਕਿਰਨ ਨੇ ਹੁੰਗਾਰਾ ਭਰਦਿਆਂ ਕਿਹਾ।

"ਬੇਟਾ, ਤੁਹਾਨੂੰ ਹੋਰ ਕਿਹੜੀ ਚੀਜ਼ ਵੱਧ ਪਸੰਦ ਏ ?" ਕਿਰਨ ਦੀ ਮੰਮੀ ਨੇ ਬੱਚੀਆਂ ਤੋਂ ਪੁੱਛਿਆ।

"ਮੈਨੂੰ ਇਹ ਜਲੇਬੀਆਂ ਨਹੀਂ, ਖੰਡ ਦੇ ਖੇਡਣੇ ਵੱਧ ਪਸੰਦ ਨੇ।" ਕਿਰਨ ਬੋਲੀ।

"ਮੈਨੂੰ ਗੱਚਕ ਬਹੁਤ ਪਸੰਦ ਹੈ।" ਜਸਪ੍ਰੀਤ ਨੇ ਕਿਹਾ।

" ਪਰ ਇਹੋ ਜਿਹੀਆਂ ਖਾਸ ਖਾਣ-ਪੀਣ ਦੀਆਂ ਚੀਜ਼ਾਂ ਤਾਂ ਕੁੱਝ ਖਾਸ ਮੌਕਿਆਂ ਤੇ ਹੀ ਹੁੰਦੀਆਂ ਨੇ, ਜਿਵੇਂ ਦਿਵਾਲੀ ਦੇ ਮੌਕੇ 'ਤੇ ਮਿਠਾਈਆਂ ਦੇ ਨਾਲ-ਨਾਲ ਖੰਡ ਦੇ ਖੇਡਣੇ ਅਤੇ ਲੋਹੜੀ ਦੇ ਮੌਕੇ ਗੱਚਕ ਅਤੇ ਰਿਉੜੀਆਂ।" ਕਿਰਨ ਦੀ ਮੰਮੀ ਨੇ ਬੱਚੀਆਂ ਨੂੰ ਸਮਝਾਉਂਦੇ ਹੋਏ ਕਿਹਾ।

"ਹਾਂ-ਹਾਂ! ਜਿਵੇਂ ਆਪਾਂ ਸਾਉਣ ਦੇ ਮਹੀਨੇ ਗੁਲਗੁਲੇ, ਪੂੜੇ ਅਤੇ ਮੱਠੀਆਂ ਬਣਾ ਲੈਂਦੇ ਹਾਂ ਅਤੇ ਬਸੰਤ ਦੇ ਮੌਕੇ 'ਤੇ ਪੀਲੇ ਚਾਵਲ।" ਨਰਾਤਿਆਂ ਦੇ ਦਿਨਾਂ ਵਿੱਚ ਪੂਰੀਆਂ-ਛੋਲੇ ਤੇ ਹਲਵਾ ਵੀ ਆਮ ਹੀ ਬਣਾਇਆ ਜਾਂਦਾ ਹੈ।" ਜਸਪ੍ਰੀਤ ਦੀ ਮੰਮੀ ਨੇ ਵੀ ਗੱਲ ਵਿੱਚ ਹਿੱਸਾ ਲੈਂਦੇ ਹੋਏ ਕਿਹਾ।

ਪ੍ਰਸ਼ਨ 1. ਕੀ ਤੁਸੀਂ ਕਿਸੇ ਖਾਸ ਮੌਕੇ ਇੱਕਠ ਵਿੱਚ ਭੋਜਨ ਖਾਧਾ ਹੈ ? ਜੇਕਰ ਹਾਂ ਤਾਂ ਲਿਖੋ ਕਿਸ ਮੌਕੇ ? ਇਹ ਵੀ ਲਿਖੋ ਕਿ ਤੁਸੀਂ ਉੱਥੇ ਕੀ ਕੁੱਝ ਖਾਧਾ ?

______________________________

______________________________

______________________________

______________________________

ਪ੍ਰਸ਼ਨ 2. ਕੀ ਤੁਹਾਡੇ ਸਕੂਲ ਵਿੱਚ ਦੁਪਹਿਰ ਦਾ ਭੋਜਨ ਮਿਲਦਾ ਹੈ ?

______________________________

ਪ੍ਰਸ਼ਨ 3. (ੳ) ਜੇਕਰ ਹਾਂ ਤਾਂ ਇਸ ਵਿੱਚ ਕੀ-ਕੀ ਮਿਲਦਾ ਹੈ ? ਇਹ ਵੀ ਲਿਖੋ ਕਿ ਤੁਸੀਂ ਇਸ ਵਿੱਚ ਹੋਰ ਕੀ-ਕੀ ਚਾਹੁੰਦੇ ਹੋ ?

______________________________

______________________________

(ਅ) ਜੇਕਰ ਨਹੀਂ ਤਾਂ ਲਿਖੋ ਕਿ ਤੁਸੀਂ ਆਪਣੇ ਨਾਲ ਜੋ ਦੁਪਹਿਰ ਦਾ ਭੋਜਨ ਲੈ ਕੇ ਜਾਂਦੇ ਹੋ, ਉਸ ਵਿੱਚ ਕੀ-ਕੀ ਹੁੰਦਾ ਹੈ ?

______________________________

______________________________

ਪ੍ਰਸ਼ਨ 4. ਪਾਠ ਵਿੱਚ ਕਿਹੜੇ-ਕਿਹੜੇ ਖਾਸ ਮੌਕਿਆਂ, ਤਿਉਹਾਰਾਂ ਬਾਰੇ ਅਤੇ ਇਨ੍ਹਾਂ ਸਮਿਆਂ 'ਤੇ ਬਣਨ ਵਾਲੇ ਕਿਹੜੇ-ਕਿਹੜੇ ਖਾਸ ਭੋਜਨਾਂ ਬਾਰੇ ਗੱਲ ਕੀਤੀ ਗਈ ਹੈ ? ਹੇਠਾਂ ਲਿਖੋ ?

| ਤਿਉਹਾਰ/ਮੌਕਾ | ਖਾਸ ਭੋਜਨ |
|---|---|
| -------- | -------- |
| -------- | -------- |
| -------- | -------- |

## ਪਾਠ - 12

# ਚੁੰਝ ਅਤੇ ਦੰਦ

ਡਿੰਪਲ ਆਪਣੇ ਹਿਲਦੇ ਦੰਦ ਨੂੰ ਛੇੜ ਰਹੀ ਸੀ। ਦੰਦ ਨਿਕਲ ਕੇ ਉਸਦੇ ਹੱਥ ਵਿੱਚ ਆ ਗਿਆ ਅਤੇ ਉਹ ਰੋਂਦੀ-ਰੋਂਦੀ ਮੰਮੀ ਕੋਲ ਗਈ। "ਮੰਮੀ ਜੀ ! ਮੇਰਾ ਦੰਦ ਟੁੱਟ ਗਿਆ।"


"ਕੋਈ ਗੱਲ ਨਹੀਂ ਬੇਟਾ ਇਹ ਟੁੱਟਿਆ ਨਹੀਂ, ਨਿਕਲਿਆ ਹੈ। ਇਹ ਤੇਰੇ ਪੱਕੇ (ਸਥਾਈ) ਦੰਦ ਨਹੀਂ, ਇਹ ਤਾਂ ਦੁੱਧ ਦੰਦ ਹੀ ਹਨ, ਜਿਹੜੇ ਹੁਣ ਨਿਕਲਣੇ ਸ਼ੁਰੂ ਹੋਏ ਹਨ।" ਮੰਮੀ ਨੇ ਸਮਝਾਉਂਦੇ ਹੋਏ ਕਿਹਾ।

"ਪਰ ਮੈਂ ਹੁਣ ਦੰਦਾਂ ਬਿਨਾਂ ਕਿਵੇਂ ਖਾਵਾਂਗੀ ?" ਰੋਣਾ ਬੰਦ ਕਰਦੀ ਹੋਈ ਡਿੰਪਲ ਨੇ ਪੁੱਛਿਆ।

" ਬੇਟਾ, ਤੂੰ ਇੱਕ ਸਾਲ ਦੀ ਉਮਰ ਤੱਕ ਵੀ ਬਿਨਾਂ ਦੰਦਾਂ ਤੋਂ ਹੀ ਰਹੀ ਸੀ। ਉਦੋਂ ਤੱਕ ਤੇਰੇ ਮੂੰਹ ਵਿੱਚ ਕੋਈ ਦੰਦ ਨਹੀਂ ਸੀ।। ਹੁਣ ਤਾਂ ਇਹ ਨਿਕਲ ਕੇ ਨਾਲੋ-ਨਾਲ ਹੀ ਨਵੇਂ ਵੀ ਆਉਂਦੇ ਜਾਣਗੇ। ਬੱਸ ਤੂੰ ਖ਼ੁਰਾਕ ਵਿੱਚ ਦੁੱਧ ਅਤੇ ਹੋਰ ਕੈਲਸ਼ੀਅਮ ਵਾਲੇ ਭੋਜਨ, ਲੋੜ ਮੁਤਾਬਿਕ ਜਰੂਰ ਲੈਣੇ ਹਨ, ਤਾਂ ਕਿ ਟੇਢੇ-ਮੇਢੇ ਅਤੇ ਖ਼ਰਾਬ ਦੰਦ ਨਾ ਉੱਗਣ।" ਮੰਮੀ ਨੇ ਸਮਝਾਇਆ।

"ਮੰਮੀ ਨਵੇਂ ਦੰਦ ਵੀ ਉਨ੍ਹੇ ਹੀ ਆਉਣਗੇ ਜਿੰਨੇ ਪੁਰਾਣੇ ਨਿਕਲਣਗੇ ?" ਬੱਚੀ ਨੇ ਉਤਸੁਕਤਾ ਨਾਲ ਪੁੱਛਿਆ।

"ਬੇਟਾ, ਦੁੱਧ ਦੰਦ ਤਾਂ ਸਿਰਫ਼ 20 ਹੀ ਸਨ। ਜਿਹੜੇ ਹੁਣ ਪੱਕੇ ਦੰਦ ਆਉਣਗੇ ਉਨ੍ਹਾਂ ਵਿੱਚ ਤਾਂ ਚਬਾਉਣ ਵਾਲੀਆਂ ਜਾੜ੍ਹਾਂ ਵੀ ਹੋਣਗੀਆਂ ਅਤੇ ਤੇਰੇ ਕੁੱਲ ਦੰਦ 32 ਹੋ ਜਾਣਗੇ।" ਮੰਮੀ ਨੇ ਸਮਝਾਇਆ।




*12.1 ਪੱਕੇ ਦੰਦ*

"ਮੰਮੀ, ਜੇ ਮੇਰੇ ਦਾਦਾ ਜੀ ਨੂੰ ਵੱਧ ਕੈਲਸ਼ੀਅਮ ਖੁਆਈਏ, ਕੀ ਉਨ੍ਹਾਂ ਦੇ ਵੀ ਦੁਬਾਰਾ ਦੰਦ ਆ ਜਾਣਗੇ ?" ਡਿੰਪਲ ਨੇ ਹੋਰ ਉਤਸੁਕਤਾ ਨਾਲ ਪੁੱਛਿਆ।


"ਨਹੀਂ ਬੇਟਾ, ਮਨੁੱਖ ਵਿੱਚ ਸਿਰਫ਼ ਦੋ ਵਾਰ ਹੀ ਦੰਦ ਆਉਂਦੇ ਹਨ - ਇੱਕ ਦੁੱਧ ਦੰਦ ਅਤੇ ਇੱਕ ਪੱਕੇ ਦੰਦ।" ਮੰਮੀ ਨੇ ਉਸਨੂੰ ਹੱਸਦਿਆਂ ਹੋਇਆ ਜਵਾਬ ਦਿੱਤਾ।

"ਮੰਮੀ ਜੀ, ਉਨ੍ਹਾਂ ਤੋਂ ਤਾਂ ਦੰਦਾਂ ਬਿਨ੍ਹਾਂ ਕੁੱਝ ਸ਼ਬਦ ਵੀ ਠੀਕ ਬੋਲੇ ਨਹੀਂ ਜਾਂਦੇ।" ਡਿੰਪਲ ਫਿਰ ਬੋਲੀ।

"ਹਾਂ, ਕਿਉਂਕਿ ਦੰਦ ਵੀ ਬੋਲਣ ਵਿੱਚ ਮੱਦਦ ਕਰਦੇ ਨੇ। ਬੋਲਣ ਵੇਲੇ ਕਦੇ ਜੀਭ ਦੰਦਾਂ ਵਿਚਕਾਰ ਆਉਂਦੀ ਹੈ ਅਤੇ ਕਦੇ ਦੰਦਾਂ ਦੇ ਪਿਛਲੇ ਹਿੱਸੇ ਨੂੰ ਛੂੰਹਦੀ ਹੈ।" ਮੰਮੀ ਨੇ ਦੱਸਿਆ।

ਡਿੰਪਲ ਨੇ ਹੋਰ ਪੁੱਛਦਿਆਂ ਕਿਹਾ "ਫਿਰ ਮੰਮੀ ਜੀਭ ਦਾ ਕੀ ਕੰਮ ਹੋਇਆ?"

"ਬੇਟਾ, ਜੀਭ ਵੀ ਬੋਲਣ ਵਿੱਚ ਮੱਦਦ ਕਰਦੀ ਹੈ। ਨਾਲੇ ਵੱਖ-ਵੱਖ ਸਵਾਦਾਂ ਦਾ ਵੀ ਜੀਭ ਤੋਂ ਹੀ ਪਤਾ ਲੱਗਦਾ ਹੈ। ਜਿਵੇਂ ਮਿੱਠਾ, ਖੱਟਾ, ਨਮਕੀਨ ਅਤੇ ਕੌੜਾ।" ਮੰਮੀ ਨੇ ਸਮਝਾਇਆ।




*ਚਿੱਤਰ 12.2 ਜੀਭ ਉੱਪਰ ਵੱਖ-ਵੱਖ ਸਵਾਦਾਂ ਦੇ ਖੇਤਰ*

ਕਿਰਿਆ : 1 ਵਿਦਿਆਰਥੀਆਂ ਨੂੰ ਹੇਠ ਲਿਖੇ ਵਾਕ ਤੇਜ਼-ਤੇਜ਼ ਬੋਲਣ ਲਈ ਕਿਹਾ ਜਾਵੇ ਜੀ।

1. ਕੱਚਾ ਪਾਪੜ ਪੱਕਾ ਪਾਪੜ ਕੱਚਾ ਪਾਪੜ ਪੱਕਾ ਪਾਪੜ
2. ਦਿੱਲੀ ਦੇ ਦੁਕਾਨਦਾਰਾ, ਦਾਦੀ ਦੇ ਦੋ ਦੁਖਦੇ ਦੰਦਾਂ ਦੀ ਦਵਾਈ ਦੇ ਦੇ

ਅਜਿਹੇ ਵਾਕ ਤੇਜ਼ੀ ਨਾਲ ਬੁਲਵਾ ਕੇ, ਬੋਲਣ ਸਮੇਂ ਹਿੱਸਾ ਲੈਂਦੇ ਮੂੰਹ ਦੇ ਵੱਖ-ਵੱਖ ਭਾਗਾਂ ਬਾਰੇ ਜਾਣਕਾਰੀ ਦਿੱਤੀ ਜਾਵੇ।

ਪ੍ਰਸ਼ਨ 1. ਦੁੱਧ ਦੰਦ ਗਿਣਤੀ ਵਿੱਚ ਕਿੰਨੇ ਹੁੰਦੇ ਹਨ ਅਤੇ ਪੱਕੇ ਦੰਦ ਕਿੰਨੇ?

ਦੁੱਧ ਦੰਦ ______________________

ਪੱਕੇ ਦੰਦ ______________________

ਪ੍ਰਸ਼ਨ 2. ਜੀਭ ਦੇ ਕੀ-ਕੀ ਕੰਮ ਹਨ?

______________________

ਪ੍ਰਸ਼ਨ 3. ਜੀਭ ਨਾਲ ਸਾਨੂੰ ਕਿਹੜੇ-ਕਿਹੜੇ ਸੁਆਦ ਪਤਾ ਲੱਗਦੇ ਹਨ ?

______________________________________________

ਇੰਨੇ ਸਮੇਂ ਵਿੱਚ ਗਲੀ ਵਿੱਚ ਇੱਕ ਹਾਥੀ ਦਿਖਾਉਣ ਵਾਲੇ ਆ ਗਏ। ਡਿੰਪਲ ਨੇ ਵੀ ਆਪਣੀ ਮੰਮੀ ਨਾਲ ਹਾਥੀ ਦੇਖਿਆ ਅਤੇ ਉਹ ਦੇਖ ਕੇ ਬੜ੍ਹੀ ਹੈਰਾਨ ਹੋਈ ਕਿ ਹਾਥੀ ਦੇ ਮੂੰਹ ਤੋਂ ਬਾਹਰ ਦੋ ਲੰਬੇ-ਲੰਬੇ ਦੰਦ ਸਨ। ਮੰਮੀ ਨੇ ਦੱਸਿਆ ਕਿ ਇਹ ਦੰਦ ਖਾਣ ਵਿੱਚ ਮੱਦਦ ਨਹੀਂ ਕਰਦੇ। ਖਾਣ ਵਿੱਚ ਮੱਦਦ ਕਰਨ ਵਾਲੇ ਦੰਦ, ਹਾਥੀ ਦੇ ਮੂੰਹ ਵਿੱਚ ਵੱਖਰੇ ਹੁੰਦੇ ਹਨ।




*ਚਿੱਤਰ 12.3 ਕੁੱਤੇ ਅਤੇ ਹਾਥੀ ਦੇ ਦੰਦ*

ਹਾਥੀ ਦੇ ਪਿੱਛੇ ਕੁੱਝ ਕੁੱਤੇ ਵੀ ਭੌਂਕ ਰਹੇ ਸਨ। "ਮੰਮੀ ਔਹ ਦੇਖੋ! ਕੁੱਤੇ ਦੇ ਮੂੰਹ ਦੇ ਅੰਦਰ ਵੀ ਬਾਕੀ ਦੰਦਾਂ ਨਾਲੋਂ ਥੋੜ੍ਹੇ ਜਿਹੇ ਲੰਬੇ ਦੋ ਦੰਦ ਹਨ।" ਡਿੰਪਲ ਨੇ ਮੰਮੀ ਦਾ ਹੱਥ ਖਿੱਚਦੇ ਹੋਏ ਕਿਹਾ। "ਹਾਂ ਬੇਟਾ, ਸਾਰੇ ਮਾਸ ਖਾਣ ਵਾਲੇ ਜਾਨਵਰਾਂ ਵਿੱਚ ਹੀ ਇਹ ਸੂਏ ਦੰਦ ਥੋੜ੍ਹੇ ਵੱਡੇ ਹੁੰਦੇ ਨੇ। ਇਨ੍ਹਾਂ ਦੰਦਾਂ ਨਾਲ ਇਹ ਮਾਸ ਨੂੰ ਪਾੜਦੇ ਹਨ। ਬਾਕੀ ਦੰਦਾਂ ਅਤੇ ਜਾੜ੍ਹਾਂ ਨਾਲ ਕੁੱਤਾ ਹੋਰ ਖਾਣ ਵਾਲੀਆਂ ਚੀਜ਼ਾਂ ਨੂੰ ਚਬਾਉਂਦਾ ਹੈ।" ਮੰਮੀ ਨੇ ਆਪਣੀ ਸਮਝ ਅਨੁਸਾਰ ਦੱਸਿਆ।



*ਚਿੱਤਰ 12.4 ਚੱਕੀਰਾਹਾ*

ਦੂਜੇ ਪਾਸੇ ਘਰ ਦੇ ਵਿਹੜੇ ਵਿੱਚ ਲੱਗੇ ਦਰੱਖਤ 'ਤੇ ਬੈਠਾ ਇੱਕ ਕਾਂ, ਕਾਂ-ਕਾਂ ਕਰ ਰਿਹਾ ਸੀ। ਉਸ ਦਾ ਮੂੰਹ ਖੁੱਲ੍ਹਾ ਦੇਖ ਕੇ ਡਿੰਪਲ ਨੇ ਕਿਹਾ, "ਮੰਮੀ! ਕਾਂ ਦੇ ਤਾਂ ਦੰਦ ਹੈ ਹੀ ਨਹੀਂ! "

"ਬੇਟਾ, ਪੰਛੀਆਂ ਦੇ ਦੰਦ ਨਹੀਂ, ਚੁੰਝ ਹੁੰਦੀ ਹੈ।" ਮੰਮੀ ਨੇ ਕੰਮ ਕਰਦੇ-ਕਰਦੇ ਦੱਸਿਆ।

"ਔਹ ਦੇਖੋ ਚਿੜ੍ਹੀ ਦੇ ਤਾਂ ਛੋਟੀ ਜਿਹੀ ਚੁੰਝ ਹੈ ਅਤੇ ਔਹ ਚੱਕੀ ਰਾਹੇ ਦੇ ਇੰਨੀ ਲੰਬੀ ਚੁੰਝ ਕਿਉਂ ਹੈ ?" ਬੱਚੀ ਨੇ ਦੁਬਾਰਾ ਪੁੱਛਿਆ।

ਮੰਮੀ ਨੇ ਦੱਸਿਆ, "ਪੰਛੀਆਂ ਦੀ ਚੁੰਝ ਦੀ ਸ਼ਕਲ ਵੀ ਇਨ੍ਹਾਂ ਦੇ ਭੋਜਨ ਅਨੁਸਾਰ ਹੀ ਹੁੰਦੀ ਹੈ।

ਚਿੜ੍ਹੀਆਂ-ਕਬੂਤਰਾਂ ਨੇ ਤਾਂ ਦਾਣੇ ਹੀ ਚੁਗਣੇ ਹੁੰਦੇ ਹਨ, ਪਰ ਚੱਕੀ ਰਾਹੇ ਨੂੰ ਦਰੱਖਤਾਂ ਵਿਚਲੀਆਂ ਡੂੰਘੀਆਂ ਖੋੜ੍ਹਾਂ ਵਿੱਚੋਂ ਕੀੜੇ ਕੱਢਣ ਲਈ ਲੰਬੀ ਚੁੰਝ ਚਾਹੀਦੀ ਹੈ। ਮਾਸ ਪਾੜਨ ਵਾਲੇ ਅਤੇ ਸਖਤ ਭੋਜਨ ਖਾਣ ਵਾਲੇ ਪੰਛੀਆਂ ਦੀ ਚੁੰਝ ਦੀ ਸ਼ਕਲ ਤਿੱਖੀ ਅਤੇ ਮੁੜੀ ਹੋਈ ਹੁੰਦੀ ਹੈ।"




*ਚਿੱਤਰ 12.5 ਵੱਖ-ਵੱਖ ਪੰਛੀਆਂ ਦੀਆਂ ਚੁੰਝਾਂ*

ਪ੍ਰਸ਼ਨ 4. ਕੁੱਤੇ ਦੇ ਲੰਬੇ ਦੰਦ ਕਿਸ ਕੰਮ ਲਈ ਹੁੰਦੇ ਹਨ ?

______________________________

ਪ੍ਰਸ਼ਨ 5. ਪੰਛੀਆਂ ਵਿੱਚ ਦੰਦਾਂ ਦੀ ਥਾਂ ਕੀ ਹੁੰਦਾ ਹੈ ?

______________________________

ਪ੍ਰਸ਼ਨ 6. ਚੱਕੀ ਰਾਹੇ ਦੀ ਚੁੰਝ ਲੰਬੀ ਹੁੰਦੀ ਹੈ ਅਤੇ ਚਿੜ੍ਹੀ ਦੀ ਛੋਟੀ, ਅਜਿਹਾ ਕਿਉਂ ਹੁੰਦਾ ਹੈ ?

______________________________

______________________________

ਓਧਰ ਇੱਕ ਚੂਹਾ ਵਿਹੜੇ ਵਿੱਚ ਦੌੜ ਰਿਹਾ ਸੀ।

ਉੱਚੇ ਉੱਡਦੇ ਇੱਕ ਬਾਜ਼ ਨੇ ਹੇਠਾਂ ਆ ਕੇ, ਉਸ ਉੱਤੇ ਬੜੀ ਫੁਰਤੀ ਨਾਲ ਝਪਟ ਮਾਰੀ। ਚੂਹੇ ਨੂੰ ਆਪਣੀਆਂ ਨਹੁੰਦਰਾਂ ਨਾਲ ਨੋਚ ਕੇ ਆਪਣੀ ਮੁੜਵੀਂ ਜਿਹੀ ਚੁੰਝ ਨਾਲ ਖਾਂਦਾ ਹੋਇਆ, ਬਾਜ਼ ਫਿਰ ਹਵਾ ਵਿੱਚ ਉੱਡ ਗਿਆ।



*ਚਿੱਤਰ 12.6 ਬਾਜ਼ ਮਾਸ ਖਾਂਦਾ ਹੋਇਆ*

ਹੈਰਾਨੀ ਨਾਲ ਵੇਖ ਰਹੀ ਡਿੰਪਲ ਨੂੰ ਮੰਮੀ ਨੇ ਫਿਰ ਸਮਝਾਇਆ, "ਬੇਟਾ, ਪੰਛੀਆਂ ਦੀਆਂ ਨਹੁੰਦਰਾਂ ਵੀ ਇਨ੍ਹਾਂ ਦੇ ਭੋਜਨ ਅਨੁਸਾਰ ਹੀ ਢਲੀਆਂ ਹੁੰਦੀਆਂ ਨੇ, ਜਿਵੇਂ ਬਾਜ਼ ਦੀਆਂ ਮਾਸ ਪਾੜ੍ਹਨ ਲਈ ਅਤੇ ਔਹ ਵੇਖ! ਚੱਕੀ ਰਾਹੇ ਦੀਆਂ ਦਰੱਖਤਾਂ ਨੂੰ ਮਜਬੂਤੀ ਨਾਲ ਫੜਨ ਲਈ।"

"ਆਪਣੇ ਘਰ ਦੇ ਪਿਛਲੇ ਪਾਸੇ ਛੱਪੜ ਵਿੱਚ ਤੈਰਦੀਆਂ ਬੱਤਖਾਂ ਨੂੰ ਧਿਆਨ ਨਾਲ ਵੇਖੀਂ। ਉਨ੍ਹਾਂ ਦੀਆਂ ਨਹੁੰਦਰਾਂ ਦੇ ਵਿਚਕਾਰ ਪਤਲੀ ਝਿੱਲੀ ਹੁੰਦੀ ਹੈ, ਜੋ ਉਨ੍ਹਾਂ ਨੂੰ ਪਾਣੀ ਵਿੱਚ ਤੈਰਨ ਵਿੱਚ ਮੱਦਦ ਕਰਦੀ ਹੈ।"

| | | ਕੰਮ |
|---|---|---|
| 1. |  ਬਾਜ਼ | ਸ਼ਿਕਾਰ ਫੜਨ ਲਈ |
| 2. |  ਚਿੜੀ | ਟਹਿਣੀਆਂ ਨੂੰ ਫੜਨ ਲਈ |
| 3. |  ਚੱਕੀ ਰਾਹਾ | ਪੇੜ ਦੀ ਛਾਲ ਫੜਨ ਲਈ |
| 4. |  ਬੱਤਖ | ਪਾਣੀ ਤੇ ਚਲਣ (ਤੈਰਣ) ਲਈ |

*ਚਿੱਤਰ 12.7 ਵੱਖ-ਵੱਖ ਪੰਛੀਆਂ ਦੇ ਪੰਜੇ ਅਤੇ ਪੰਜਿਆਂ ਦੇ ਕੰਮ*

ਡਿੰਪਲ ਇਹ ਸਾਰੀਆਂ ਗੱਲਾਂ ਸੁਣ-ਸੁਣ ਕੇ ਬੜੀ ਹੈਰਾਨ ਹੋ ਰਹੀ ਸੀ।

ਪ੍ਰਸ਼ਨ 7. ਬਾਜ਼ ਆਪਣੀਆਂ ਨਹੁੰਦਰਾਂ ਦੀ ਵਰਤੋਂ ਕਿਸ ਕੰਮ ਲਈ ਕਰਦਾ ਹੈ ?

______________________________

______________________________

ਪ੍ਰਸ਼ਨ 8. ਬੱਤਖ਼ ਦੀਆਂ ਨਹੁੰਦਰਾਂ ਦੇ ਵਿਚਕਾਰ ਪਤਲੀ ਝਿੱਲੀ ਉਸ ਲਈ ਕਿਵੇਂ ਫਾਇਦੇਮੰਦ ਹੁੰਦੀ ਹੈ ?

______________________________

______________________________

ਕਿਰਿਆ 2. ਕਿਸੇ ਨੇੜੇ ਦੇ ਚਿੜੀਆ ਘਰ ਵਿੱਚ ਜਾ ਕੇ ਵੱਖ-ਵੱਖ ਪੰਛੀਆਂ ਦੀਆਂ ਚੁੰਝਾਂ ਅਤੇ ਨਹੁੰਦਰਾਂ ਵਿੱਚ ਫ਼ਰਕ ਵੇਖੋ। ਜੋ ਪੰਛੀ ਤੁਸੀਂ ਵੇਖੇ, ਉਨ੍ਹਾਂ ਬਾਰੇ ਹੇਠਾਂ ਲਿਖੋ : -

| ਪੰਛੀ ਦਾ ਨਾਂ | ਚੁੰਝ ਦਾ ਕੰਮ | ਨਹੁੰਦਰਾਂ ਦਾ ਕੰਮ |
|---|---|---|
| __________ | __________ | __________ |
| __________ | __________ | __________ |
| __________ | __________ | __________ |
| __________ | __________ | __________ |


ਪਾਠ - 13

# ਘਰ–ਕੱਲ੍ਹ ਅਤੇ ਅੱਜ



ਚਿੱਤਰ 13.1 ਗੁਫਾ ਵਿੱਚ ਮਨੁੱਖ

ਬਹੁਤ–ਬਹੁਤ ਸਮਾਂ ਪਹਿਲਾਂ ਮਨੁੱਖ ਜੰਗਲਾਂ ਵਿੱਚ ਰਹਿੰਦਾ ਸੀ। ਮੀਂਹ, ਹਨੇਰੀ, ਧੁੱਪ, ਗਰਮੀ ਅਤੇ ਸਰਦੀ ਤੋਂ ਬਚਣ ਲਈ ਗੁਫਾ ਵਿੱਚ ਰਹਿੰਦਾ ਸੀ। ਇਹੀ ਇਸ ਦਾ ਘਰ ਹੁੰਦਾ ਸੀ।



ਚਿੱਤਰ 13.2 ਝੁੱਗੀ

ਜਿਵੇਂ-ਜਿਵੇਂ ਸਮਾਂ ਬੀਤਦਾ ਗਿਆ, ਉਸ ਦੀ ਸਮਝ ਵਿਕਸਿਤ ਹੋਈ, ਉਸ ਨੇ ਆਪਣੇ ਲਈ ਘਾਹ, ਫੂਸ ਅਤੇ ਲੱਕੜਾਂ ਦਾ ਘਰ ਬਣਾਉਣਾ ਸ਼ੁਰੂ ਕਰ ਦਿੱਤਾ। ਜਿਸ ਨੂੰ ਅਸੀਂ ਝੌਂਪੜੀ ਜਾਂ ਝੁੱਗੀ ਕਹਿੰਦੇ ਹਾਂ।



*ਚਿੱਤਰ 13.3 ਕੱਚਾ ਘਰ*

ਹੌਲੀ-ਹੌਲੀ ਉਸ ਨੇ ਮਿੱਟੀ ਅਤੇ ਗਾਰੇ ਨਾਲ ਘਰ ਬਣਾਉਣਾ ਸ਼ੁਰੂ ਕਰ ਦਿੱਤਾ। ਇਸ ਨੂੰ ਅਸੀਂ ਕੱਚਾ ਘਰ ਕਹਿੰਦੇ ਹਾਂ। ਪਿੰਡਾਂ ਵਿੱਚ ਕਿਤੇ-ਕਿਤੇ ਅੱਜ ਵੀ ਕੱਚੇ ਘਰ ਦੇਖਣ ਨੂੰ ਮਿਲ ਜਾਂਦੇ ਹਨ। ਇਹ ਗੁਫਾਵਾਂ ਅਤੇ ਝੌਂਪੜੀਆਂ ਦੇ ਮੁਕਾਬਲੇ ਜ਼ਿਆਦਾ ਆਰਾਮਦਾਇਕ ਹਨ। ਹੁਣ ਉਸ ਨੇ ਘਰ ਨੂੰ ਦਰਵਾਜ਼ੇ ਅਤੇ ਖਿੜਕੀਆਂ ਲਗਾਉਣੇ ਸ਼ੁਰੂ ਕਰ ਦਿੱਤੇ ਪਰ ਇਹ ਸਾਰੇ ਕੰਮ ਉਹ ਆਪਣੇ ਆਪ ਨਹੀਂ ਕਰ ਸਕਦਾ ਸੀ। ਇਸ ਲਈ ਉਸਨੂੰ ਮਦਦ ਦੀ ਲੋੜ ਸੀ। ਕੀ ਤੁਸੀਂ ਜਾਣਦੇ ਹੋ ਕਿ ਸਾਡੇ ਲਈ ਘਰ ਕੌਣ ਬਣਾਉਂਦਾ ਹੈ ?



*ਚਿੱਤਰ 13.4 ਪੱਕਾ ਘਰ*

ਪੱਕਾ ਘਰ ਕੱਚੇ ਘਰ ਦਾ ਹੀ ਸੁਧਰਿਆ ਹੋਇਆ ਰੂਪ ਹੈ। ਇਸ ਦੀ ਉਸਾਰੀ ਵਿੱਚ ਕੱਚੀਆਂ ਇੱਟਾਂ ਅਤੇ ਗਾਰੇ ਦੀ ਜਗ੍ਹਾ ਪੱਕੀਆਂ ਇੱਟਾਂ ਅਤੇ ਸੀਮਿੰਟ ਦੀ ਵਰਤੋਂ ਹੁੰਦੀ ਹੈ। ਅੱਜ ਕੱਲ੍ਹ ਬਣਨ ਵਾਲੇ ਬਹੁਤੇ ਘਰ ਇਸ ਕਿਸਮ ਦੇ ਹੁੰਦੇ ਹਨ। ਅੱਜ ਕੱਲ੍ਹ ਘਰ ਤੋਂ ਪਹਿਲਾਂ ਉਸ ਦੀ ਯੋਜਨਾ ਬਣਾਈ ਜਾਂਦੀ ਹੈ। ਜਿਸ ਨੂੰ ਨਕਸ਼ਾ ਕਹਿੰਦੇ ਹਨ । ਘਰ ਰਾਜ ਮਿਸਤਰੀ ਬਣਾਉਂਦਾ ਹੈ। ਨਕਸ਼ਾ ਬਣਾਉਣ ਵਾਲੇ ਨੂੰ ਨਕਸ਼ਾ-ਨਵੀਸ ਕਹਿੰਦੇ ਹਨ। ਨਕਸ਼ੇ ਤੋਂ ਪਤਾ ਲਗਦਾ ਹੈ ਕਿ ਰਸੋਈ, ਕਮਰੇ, ਗੁਸਲਖਾਨਾ, ਵਰਾਂਡਾ ਅਤੇ ਪੌੜੀਆਂ ਕਿੱਥੇ ਬਣਾਈਆ ਜਾਣਗੀਆਂ।

ਚੰਡੀਗੜ੍ਹ, ਦਿੱਲੀ ਅਤੇ ਹੋਰ ਕਈ ਵੱਡੇ ਸ਼ਹਿਰਾਂ ਵਿੱਚ ਕਈ ਬਹੁ-ਮੰਜ਼ਿਲੀ ਇਮਾਰਤਾਂ ਹਨ, ਜਿਹਨਾਂ ਵਿੱਚ ਦਫ਼ਤਰ ਅਤੇ ਘਰ ਆਦਿ ਹੋ ਸਕਦੇ ਹਨ। ਬਹੁ-ਮੰਜ਼ਲੀ ਇਮਾਰਤਾਂ ਵਿਚਲੇ ਘਰਾਂ ਨੂੰ ਫਲੈਟ ਕਹਿੰਦੇ ਹਨ।



*ਚਿੱਤਰ 13.5 ਬਹੁਮੰਜ਼ਲੀ ਇਮਾਰਤ*

ਜਗ੍ਹਾ ਦੀ ਕਮੀ ਅਤੇ ਜ਼ਿਆਦਾ ਆਬਾਦੀ ਕਰਕੇ ਵੱਡੇ ਸ਼ਹਿਰਾਂ ਵਿੱਚ ਇਸ ਕਿਸਮ ਦੇ ਘਰ ਬਣਾਏ ਜਾਂਦੇ ਹਨ। ਇਹ ਵੀ ਨਕਸ਼ਿਆਂ 'ਤੇ ਆਧਾਰਿਤ ਹੀ ਬਣਾਏ ਜਾਂਦੇ ਹਨ। ਇਹਨਾਂ ਵਿਚ ਖਿੜਕੀਆਂ, ਰੌਸ਼ਨਦਾਨ ਅਤੇ ਦਰਵਾਜ਼ਿਆਂ ਦੀ ਦਿਸ਼ਾ ਦਾ ਧਿਆਨ ਰੱਖਿਆ ਜਾਂਦਾ ਹੈ ਤਾਂ ਕਿ ਘਰ ਵਿੱਚ ਧੁੱਪ, ਹਵਾ ਅਤੇ ਰੌਸ਼ਨੀ ਦਾ ਉਚਿਤ ਪ੍ਰਵੇਸ਼ ਹੋ ਸਕੇ।

ਅਧਿਆਪਕ ਲਈ : ਜੇ ਆਪਾਂ ਅੱਜ ਵੀ ਗੁਫਾਵਾਂ ਵਿੱਚ ਰਹਿੰਦੇ ਹੁੰਦੇ ਤਾਂ ਆਪਾਂ ਨੂੰ ਕਿਹੜੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਣਾ ਸੀ ? ਇਸ ਵਿਸ਼ੇ ਉੱਪਰ ਜਮਾਤ ਵਿਚ ਵਿਚਾਰ-ਚਰਚਾ ਕਰਵਾਈ ਜਾਵੇ ਅਤੇ ਸਾਰੇ ਬੱਚਿਆਂ ਨੂੰ ਭਾਗ ਲੈਣ ਲਈ ਉਤਸ਼ਾਹਿਤ ਕੀਤਾ ਜਾਵੇ। ਚੰਗੀ ਸਿਹਤ ਲਈ ਮਕਾਨ ਵਿੱਚ ਧੁੱਪ, ਕੁਦਰਤੀ ਹਵਾ ਅਤੇ ਰੌਸ਼ਨੀ ਦਾ ਪ੍ਰਬੰਧ ਜ਼ਰੂਰੀ ਹੈ।

ਪਿਆਰੇ ਬੱਚਿਓ ਕੁੱਝ ਗ਼ਰੀਬ ਲੋਕ ਸ਼ਹਿਰ ਦੇ ਬਿਨ੍ਹਾਂ ਸਫ਼ਾਈ ਵਾਲੇ ਹਿੱਸਿਆਂ ਵਿੱਚ ਆਪਣੇ ਛੋਟੇ-ਛੋਟੇ ਘਰ ਬਣਾ ਲੈਂਦੇ ਹਨ। ਘਰ ਬਣਾਉਣ ਲਈ ਇਹਨਾਂ ਲੋਕਾਂ ਦੀ ਆਪਣੀ ਖ਼ਰੀਦੀ ਹੋਈ ਜਗ੍ਹਾ ਨਹੀਂ ਹੁੰਦੀ। ਇਹਨਾਂ ਘਰਾਂ ਵਿਚ ਸਾਫ਼ ਪਾਣੀ ਅਤੇ ਸਿਹਤਮੰਦ ਹਾਲਤਾਂ ਨਹੀਂ ਹੁੰਦੀਆਂ ਇਹਨਾਂ ਘਰਾਂ ਨੂੰ ਝੁੱਗੀ – ਝੌਂਪੜੀ ਬਸਤੀ ਜਾਂ ਅੰਗਰੇਜ਼ੀ ਵਿੱਚ ਸਲੱਮ ਕਹਿੰਦੇ ਹਨ।



*ਚਿੱਤਰ 13.6  ਝੁੱਗੀ ਝੌਂਪੜੀ ਬਸਤੀ*

ਅਧਿਆਪਕ ਲਈ : ਜੇਕਰ ਸੰਭਵ ਹੋਵੇ ਤਾਂ ਬੱਚਿਆਂ ਨੂੰ ਅਜਿਹੀ ਰਿਹਾਇਸ਼ੀ ਬਸਤੀ ਦਾ ਦੌਰਾ ਕਰਵਾਇਆ ਜਾਵੇ। ਬੱਚੇ ਉੱਥੇ ਰਹਿਣ ਦੀਆਂ ਹਾਲਤਾਂ ਦਾ ਅਵਲੋਕਨ ਕਰਨ। ਬੱਚੇ ਆਪਣੇ ਅਵਲੋਕਨ ਦੇ ਆਧਾਰ 'ਤੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦੇਣ।

ਪ੍ਰਸ਼ਨ 1. ਇੱਥੋਂ ਦੇ ਘਰ ਕਿਹੋ ਜਿਹੇ ਹਨ ?

______________________________

______________________________

ਪ੍ਰਸ਼ਨ 2. ਇੱਥੋਂ ਦਾ ਸਕੂਲ ਕਿਹੋ ਜਿਹਾ ਹੈ ?

______________________________

______________________________

ਪ੍ਰਸ਼ਨ 3. ਇੱਥੋਂ ਦੇ ਘਰਾਂ ਵਿੱਚ ਹੇਠ ਲਿਖੀਆਂ ਮੁੱਢਲੀਆਂ ਸਹੂਲਤਾਂ ਦਾ ਕੀ ਪ੍ਰਬੰਧ ਹੈ ?

ਪੀਣ ਵਾਲਾ ਪਾਣੀ

______________________________

______________________________

ਰੌਸ਼ਨੀ

______________________________

______________________________

ਬਿਜਲੀ

______________________________________________

______________________________________________

ਤਾਜ਼ੀ ਹਵਾ

______________________________________________

______________________________________________

ਅਧਿਆਪਕ ਲਈ :ਅਧਿਆਪਕ ਬੱਚਿਆਂ ਨੂੰ ਇਕ ਨਵੀਂ ਅਤੇ ਇਕ ਪੁਰਾਣੀ ਇਮਾਰਤ ਦਿਖਾਵੇ ਅਤੇ ਹੇਠਲੇ ਪ੍ਰਸ਼ਨਾਂ ਦੇ ਉੱਤਰ ਲੱਭਣ ਵਿਚ ਬੱਚਿਆਂ ਦੀ ਮਦਦ ਕਰੇ। ਬੱਚਿਆਂ ਦੀ ਅਗਵਾਈ ਕੀਤੀ ਜਾਵੇ ਕਿ ਇਸ ਕਿਸਮ ਦੀ ਜਾਣਕਾਰੀ ਉਸ ਇਮਾਰਤ ਵਿਚ ਰਹਿਣ ਵਾਲੇ, ਗੁਆਂਢ ਵਿਚ ਰਹਿਣ ਵਾਲੇ ਜਾਂ ਉੱਥੇ ਕੰਮ ਕਰਨ ਵਾਲੇ ਲੋਕਾਂ ਕੋਲੋਂ ਪ੍ਰਾਪਤ ਕੀਤੀ ਜਾ ਸਕਦੀ ਹੈ। ਬੱਚਿਆਂ ਨੂੰ ਦੱਸਿਆ ਜਾਵੇ ਕਿ ਜੋ ਵਿਅਕਤੀ ਇਤਿਹਾਸਕ ਇਮਾਰਤਾਂ ਬਾਰੇ ਜਾਣਕਾਰੀ ਦਿੰਦੇ ਹਨ ਉਹਨਾਂ ਨੂੰ ਗਾਈਡ ਕਹਿੰਦੇ ਹਨ।

ਇਮਾਰਤ ਦੀ ਕਿਸਮ : ਨਵੀਂ

ਪ੍ਰਸ਼ਨ 1. ਇਸ ਇਮਾਰਤ ਨੂੰ ਬਣਿਆਂ ਲਗਭਗ ਕਿੰਨਾ ਸਮਾਂ ਹੋ ਗਿਆ ?

______________________________________________

ਪ੍ਰਸ਼ਨ 2. ਇਹ ਕਿਸ ਪ੍ਰਕਾਰ ਦੀ ਇਮਾਰਤ ਹੈ ਜਿਵੇਂ ਰਿਹਾਇਸ਼ੀ, ਦਫ਼ਤਰ, ਧਾਰਮਿਕ ਸਥਾਨ, ਕਿਲ੍ਹਾ ਆਦਿ ?

______________________________________________

ਪ੍ਰਸ਼ਨ 3. ਇਸ ਨੂੰ ਬਣਾਉਣ ਵਿਚ ਕੀ-ਕੀ ਸਮਾਨ ਦੀ ਵਰਤੋਂ ਹੋਈ ਹੈ ?

______________________________________________

ਇਮਾਰਤ ਦੀ ਕਿਸਮ : ਪੁਰਾਣੀ

ਪ੍ਰਸ਼ਨ 1. ਇਸ ਇਮਾਰਤ ਨੂੰ ਬਣਿਆਂ ਲਗਭਗ ਕਿੰਨਾ ਸਮਾਂ ਹੋ ਗਿਆ ?

______________________________________________

ਪ੍ਰਸ਼ਨ 2. ਇਹ ਕਿਸ ਪ੍ਰਕਾਰ ਦੀ ਇਮਾਰਤ ਹੈ ਜਿਵੇਂ ਰਿਹਾਇਸ਼ੀ, ਦਫ਼ਤਰ, ਧਾਰਮਿਕ ਸਥਾਨ, ਕਿਲ੍ਹਾ ਆਦਿ ?

______________________________________________

ਪ੍ਰਸ਼ਨ 3. ਇਸ ਨੂੰ ਬਣਾਉਣ ਵਿੱਚ ਕੀ-ਕੀ ਸਮਾਨ ਦੀ ਵਰਤੋਂ ਹੋਈ ਹੈ ?

______________________________________________

ਚਰਚਾ ਲਈ :ਨਵੀਂ ਅਤੇ ਪੁਰਾਣੀ ਇਮਾਰਤ ਵਿੱਚ ਤੁਹਾਨੂੰ ਕੀ-ਕੀ ਅੰਤਰ ਮਹਿਸੂਸ ਹੋਇਆ ?

ਅਧਿਆਪਕ ਲਈ : ਅਧਿਆਪਕ ਜਮਾਤ ਵਿੱਚ ਇਸ ਵਿਸ਼ੇ 'ਤੇ ਚਰਚਾ ਕਰਵਾਏ ਕਿ ਪੁਰਾਣੇ ਸਮਿਆਂ ਵਿੱਚ ਅਤੇ ਅੱਜਕੱਲ ਦੀ ਉਸਾਰੀ ਵਿੱਚ ਕੀ ਫ਼ਰਕ ਪਾਏ ਜਾਂਦੇ ਹਨ।

ਕਿਰਿਆ 1 : ਬੱਚੇ ਘਰ ਦਾ ਮਾਡਲ ਬਣਾ ਸਕਦੇ ਹਨ।

ਪਾਠ - 14

# ਕੂੜਾ-ਕਰਕਟ ਪ੍ਰਬੰਧਨ

ਸਾਡੇ ਪਿੰਡ ਦਾ ਸਰਪੰਚ ਬਹੁਤ ਪੜ੍ਹਿਆ ਲਿਖਿਆ ਵਿਅਕਤੀ ਹੈ। ਉਸਨੇ ਆਪਣੇ ਘਰ ਗੋਬਰ ਗੈਸ ਪਲਾਂਟ ਲਗਵਾਇਆ। ਸਾਡੇ ਪਿੰਡ ਲੱਗਣ ਵਾਲਾ ਇਹ ਪਹਿਲਾ ਗੋਬਰ ਗੈਸ ਪਲਾਂਟ ਹੈ। ਇਸ ਲਈ ਪਿੰਡ ਵਾਸੀਆਂ ਵਿੱਚ ਇਸਨੂੰ ਦੇਖਣ ਦੀ ਬੜੀ ਉਤਸੁਕਤਾ ਹੈ। ਆਉਣ ਜਾਣ ਵਾਲੇ ਲੋਕ ਤਰ੍ਹਾਂ-ਤਰ੍ਹਾਂ ਦੇ ਸਵਾਲ ਪੁੱਛ ਰਹੇ ਹਨ।

"ਸਰਪੰਚ ਸਾਹਿਬ, ਇਸ ਦੇ ਕੀ ਲਾਭ ਹਨ ?" ਰਣਜੀਤ ਨੇ ਪੁੱਛਿਆ।

"ਇਸ ਨਾਲ ਪਸ਼ੂਆ ਦੇ ਗੋਬਰ ਦਾ ਨਿਪਟਾਰਾ ਹੋ ਜਾਂਦਾ ਹੈ। ਰਸੋਈ ਲਈ ਗੈਸ ਮੁਫਤ ਮਿਲ ਜਾਂਦੀ ਹੈ। ਹੋਰ ਤਾਂ ਹੋਰ ਬਚੀ ਖੁਚੀ ਰਹਿੰਦ ਖੂੰਹਦ ਖਾਦ ਵਜੋਂ ਖੇਤਾਂ ਵਿੱਚ ਵਰਤੀ ਜਾਂਦੀ ਹੈ।" ਸਰਪੰਚ ਨੇ ਦੱਸਿਆ।

"ਬਾਈ ਜੀ, ਖਾਦ ਤਾਂ ਰੂੜੀ ਲਾਉਣ ਨਾਲ ਵੀ ਬਣ ਜਾਂਦੀ ਹੈ। ਤੁਸੀ ਵਿਅਰਥ ਹੀ ਪੈਸੇ ਖਰਚ ਕੀਤੇ।" ਮਿੰਦਾ ਬੋਲਿਆ।

"ਨਹੀਂ ਬਾਈ ਜੀ, ਕੂੜੇ ਕਰਕਟ ਦਾ ਨਿਪਟਾਰਾ ਸਹੀ ਢੰਗ ਨਾਲ ਹੋਣਾ ਬਹੁਤ ਜਰੂਰੀ ਹੈ। ਰੂੜੀ ਲਗਾਉਣ ਨਾਲ ਉਸ ਉੱਪਰ ਮੱਖੀ, ਮੱਛਰ ਪੈਦਾ ਹੋ ਜਾਂਦੇ ਹਨ। ਇੰਨ੍ਹਾਂ ਨਾਲ ਕਈ ਤਰ੍ਹਾਂ ਦੀਆਂ ਬੀਮਾਰੀਆਂ ਪੈਦਾ ਹੁੰਦੀਆਂ ਹਨ।



*ਚਿੱਤਰ 14.1 ਗੋਬਰ ਗੈਸ ਪਲਾਂਟ*

"ਤੁਹਾਨੂੰ ਕੂੜੇ ਕਰਕਟ ਦੀ ਸੰਭਾਲ ਬਾਰੇ ਬਹੁਤ ਕੁੱਝ ਪਤਾ ਹੈ ਬਾਈ ਜੀ" ਗੁਰਮੀਤ ਬੋਲੀ। "ਹਾਂ ਭੈਣ, ਮੈਂ ਕੁੱਝ ਦਿਨ ਪਹਿਲਾਂ ਕੂੜੇ ਕਰਕਟ ਦੀ ਸਾਂਭ-ਸੰਭਾਲ ਬਾਰੇ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਛਾਪੀ ਇਕ ਕਿਤਾਬ 'ਮਿਉਂਸਪਲ ਸੌਲਿਡ ਵੇਸਟ' ਪੜ੍ਹੀ ਸੀ। ਉਸ ਵਿਚ ਬਹੁਤ ਗਿਆਨ ਦੀਆਂ ਗੱਲਾਂ ਹਨ।" ਸਰਪੰਚ ਬੋਲਿਆ।

ਭੋਲੇ ਨੇ ਬੇਨਤੀ ਕੀਤੀ, "ਬਾਈ ਜੀ, ਕੂੜੇ-ਕਰਕਟ ਦੀ ਸੰਭਾਲ ਬਾਰੇ ਸਾਨੂੰ ਵੀ ਦੱਸ ਦੇਵੋ"

ਸਰਪੰਚ ਨੇ ਪਿੰਡ ਵਾਸੀਆਂ ਨੂੰ ਦੱਸਿਆ ਕਿ ਘਰਾਂ ਵਿਚਲੇ ਕੂੜੇ ਕਰਕਟ ਦਾ ਸਹੀ ਤਰੀਕੇ ਨਾਲ ਨਿਪਟਾਰਾ ਕੀਤਾ ਜਾਣਾ ਜ਼ਰੂਰੀ ਹੈ। ਘਰੇਲੂ ਕੂੜਾ ਕਰਕਟ ਵਿਚ ਸ਼ਾਮਿਲ ਹੈ : -

1. ਸਬਜ਼ੀਆਂ ਅਤੇ ਫ਼ਲਾਂ ਦੇ ਛਿੱਲੜ।
2. ਰੁੱਖਾਂ ਦੇ ਪੱਤੇ, ਟਾਹਣੀਆਂ ਅਤੇ ਬਗੀਚੇ ਦੀ ਰਹਿੰਦ ਖੂੰਹਦ।
3. ਰੱਦੀ ਕਾਗਜ਼।
4. ਟੁੱਟੇ ਭੱਜੇ ਬਰਤਨ, ਖਾਲੀ ਡੱਬੇ, ਰਬੜ, ਚਮੜਾ, ਫਟੇ ਪੁਰਾਣੇ ਕੱਪੜੇ ਆਦਿ।
5. ਲੱਕੜੀ ਅਤੇ ਕੋਲੇ ਦੀ ਸੁਆਹ।

6. ਪਸ਼ੂਆਂ ਦੇ ਵਾੜੇ ਦਾ ਕੂੜਾ।
7. ਲੋਹੇ ਅਤੇ ਪਲਾਸਟਿਕ ਦੇ ਸਮਾਨ ਦੀ ਰਹਿੰਦ ਖੂੰਹਦ।

ਘਰੇਲੂ ਕੂੜਾ-ਕਰਕਟ ਦੋ ਤਰ੍ਹਾਂ ਦਾ ਹੁੰਦਾ ਹੈ :

1. ਗਲਣਯੋਗ 2. ਨਾ-ਗਲਣਯੋਗ

ਗਲਣਯੋਗ ਕੂੜਾ ਕਰਕਟ ਵਿੱਚ ਕਾਗਜ਼, ਪੱਤੇ, ਸਬਜ਼ੀਆਂ ਅਤੇ ਫ਼ਲਾਂ ਦੇ ਛਿੱਲੜ, ਖਾਣ ਵਾਲੀਆਂ ਵਸਤੂਆਂ ਦੀ ਰਹਿੰਦ-ਖੂੰਹਦ, ਪਸ਼ੂਆਂ ਦਾ ਗੋਹਾ ਕੂੜਾ ਅਤੇ ਬਾਗਬਾਨੀ ਕਚਰਾ ਸ਼ਾਮਲ ਹੈ।

### ਗਲਣਯੋਗ ਕੂੜੇ ਦਾ ਨਿਪਟਾਰਾ

1. ਕਾਗਜ਼ ਨੂੰ ਸੋਧ ਕੇ ਮੁੜ ਵਰਤਿਆ ਜਾ ਸਕਦਾ ਹੈ।
2. ਪੱਤੇ, ਸਬਜ਼ੀਆਂ ਅਤੇ ਫਲਾਂ ਦੇ ਛਿੱਲੜ ਪਸ਼ੂਆਂ ਦੇ ਚਾਰੇ ਵਜੋਂ ਵਰਤੇ ਜਾ ਸਕਦੇ ਹਨ।
3. ਪਸ਼ੂਆਂ ਦਾ ਗੋਹਾ ਕੂੜਾ, ਬਾਗਬਾਨੀ ਕਚਰਾ, ਪੱਤੇ, ਸਬਜ਼ੀਆਂ ਅਤੇ ਫ਼ਲਾਂ ਦੇ ਛਿੱਲੜ, ਖਾਣ ਵਾਲੀਆਂ ਵਸਤੂਆਂ ਦੀ ਰਹਿੰਦ-ਖੂੰਹਦ ਨੂੰ ਟੋਏ (ਕੰਪੋਸਿਟ ਪਿੱਟ) ਵਿੱਚ ਦਬਾ ਕੇ ਖਾਦ ਬਣਾਈ ਜਾ ਸਕਦੀ ਹੈ। ਦੇਸੀ ਖਾਦ ਬਣਾਉਣ ਦੇ ਤਰੀਕੇ ਬਾਰੇ ਤੁਸੀਂ ਤੀਸਰੀ ਜਮਾਤ ਵਿੱਚ ਵੀ ਪੜ੍ਹ ਚੁੱਕੇ ਹੋ।

ਨਾ ਗਲਣਯੋਗ ਕੂੜਾ ਕਰਕਟ ਵਿੱਚ ਪਲਾਸਟਿਕ ਦੇ ਲਿਫਾਫੇ (ਥੈਲੀਆਂ), ਕੱਚ, ਟਿਨ, ਲੋਹੇ ਅਤੇ ਪਲਾਸਟਿਕ ਦੀਆਂ ਬੇਕਾਰ ਵਸਤਾਂ ਅਤੇ ਅਜਿਹੀਆਂ ਵਸਤਾਂ ਦੀ ਟੁੱਟ ਭੱਜ ਸ਼ਾਮਲ ਹੈ। ਉਸਾਰੀ ਦਾ ਮਲਬਾ ਅਤੇ ਸੁਆਹ ਆਦਿ ਵੀ ਨਾ ਗਲਣਯੋਗ ਕੂੜਾ ਹੈ।

### ਨਾ-ਗਲਣਯੋਗ ਕੂੜੇ ਦਾ ਨਿਪਟਾਰਾ

1. ਪਾਲੀਥੀਨ ਦੇ ਲਿਫਾਫਿਆਂ ਦੀ ਥਾਂ ਕੱਪੜੇ ਦੇ ਥੈਲੇ ਵਰਤੇ ਜਾ ਸਕਦੇ ਹਨ।
2. ਕੱਚ, ਟਿਨ, ਲੋਹੇ ਅਤੇ ਪਲਾਸਟਿਕ ਦੀਆਂ ਬੇਕਾਰ ਵਸਤੂਆਂ ਨੂੰ ਮੁਰੰਮਤ ਕਰਕੇ ਜਾ ਕਾਰਖਾਨਿਆਂ ਵਿੱਚ ਸੋਧਕੇ ਮੁੜ ਵਰਤਿਆ ਜਾ ਸਕਦਾ ਹੈ।
3. ਉਸਾਰੀ ਦਾ ਮਲਬਾ ਅਤੇ ਸੁਆਹ ਆਦਿ ਨੂੰ ਟੋਏ (ਲੈਂਡਫਿਲ) ਬਣਾਕੇ ਨਿਪਟਾਇਆ ਜਾ ਸਕਦਾ ਹੈ। ਲੈਂਡਫਿਲ ਜਲ ਸਰੋਤਾਂ ਅਤੇ ਰਿਹਾਇਸ਼ੀ ਇਲਾਕਿਆਂ ਤੋਂ ਦੂਰ ਬਣਾਉਣੇ ਚਾਹੀਦੇ ਹਨ।

ਪ੍ਰਸ਼ਨ 1. ਕੂੜੇ ਕਰਕਟ ਦੀਆਂ ਕਿਸਮਾਂ ਲਿਖੋ।

______________________________

ਪ੍ਰਸ਼ਨ 2. ਗਲਣਯੋਗ ਕੂੜੇ ਵਿੱਚ ਕੀ ਕੁਝ ਸ਼ਾਮਲ ਹੈ ?

______________________________

______________________________

ਪ੍ਰਸ਼ਨ 3. ਨਾ-ਗਲਣਯੋਗ ਕੂੜੇ ਵਿੱਚ ਕੀ ਕੁਝ ਸ਼ਾਮਲ ਹੈ ?

______________________________

______________________________

ਪ੍ਰਸ਼ਨ 4. ਤੁਹਾਡੇ ਘਰ ਦੇ ਕੂੜੇ ਕਰਕਟ ਵਿੱਚ ਕੀ ਕੁਝ ਸ਼ਾਮਿਲ ਹੁੰਦਾ ਹੈ ?

____________________________________________

____________________________________________

ਅਧਿਆਪਕ ਲਈ :ਅਧਿਆਪਕ ਵਿਦਿਆਰਥੀਆਂ ਨਾਲ਼ ਘਰੇਲੂ ਕੂੜੇ-ਕਰਕਟ ਦੇ ਨਿਪਟਾਰੇ ਬਾਰੇ ਚਰਚਾ ਕਰੇ।

## ਕੂੜਾ ਕਰਕਟ ਦੇ ਸਿਹਤ ਅਤੇ ਵਾਤਾਵਰਨ ਉੱਤੇ ਪੈਂਦੇ ਮਾੜੇ ਪ੍ਰਭਾਵ

1. ਖਿਲਰਿਆ ਕੂੜਾ-ਕਰਕਟ ਆਮ ਤੌਰ ਤੇ ਨਾਲੀਆਂ ਵਿੱਚ ਇੱਕਠਾ ਹੋ ਜਾਂਦਾ ਹੈ। ਜਿਸ ਕਾਰਨ ਨਾਲੀਆਂ ਬੰਦ ਹੋ ਜਾਂਦੀਆਂ ਹਨ, ਇਸ ਤਰ੍ਹਾਂ ਆਲੇ-ਦੁਆਲੇ ਵਿੱਚ ਗੰਦਗੀ ਫੈਲ ਜਾਂਦੀ ਹੈ।
2. ਖੁੱਲ੍ਹਾ ਸੁੱਟਿਆ ਕੂੜਾ ਕਈ ਪ੍ਰਕਾਰ ਦੇ ਕੀੜੇ ਮਕੌੜਿਆਂ ਨੂੰ ਜਨਮ ਦਿੰਦਾ ਹੈ। ਕੀੜੇ ਮਕੌੜਿਆਂ ਕਰਕੇ ਬਿਮਾਰੀਆਂ ਫੈਲਦੀਆਂ ਹਨ। ਜਮ੍ਹਾਂ ਹੋਏ ਕੂੜੇ ਉੱਤੇ ਮੱਖੀਆਂ ਪੈਦਾ ਹੋ ਜਾਂਦੀਆਂ ਹਨ, ਇਹ ਬੜੀ ਤੇਜ਼ੀ ਨਾਲ ਬਿਮਾਰੀਆਂ ਫੈਲਾਉਂਦੀਆਂ ਹਨ। ਰੁਕੀਆਂ ਹੋਈਆਂ ਨਾਲੀਆਂ ਵਿੱਚ ਮੱਛਰ ਪੈਦਾ ਹੋ ਜਾਂਦੇ ਹਨ। ਇਹ ਮਲੇਰੀਆ ਅਤੇ ਡੇਂਗੂ ਵਰਗੀਆਂ ਬਿਮਾਰੀਆਂ ਫੈਲਾਉਂਦੇ ਹਨ। ਚੂਹੇ ਕੂੜੇ ਵਿੱਚ ਸ਼ਰਨ ਲੈਂਦੇ ਅਤੇ ਆਪਣਾ ਭੋਜਨ ਭਾਲਦੇ ਹਨ। ਖੁੱਲ੍ਹਾ ਸੁੱਟਿਆ ਕੂੜਾ ਮਹਾਂਮਾਰੀਆਂ ਨੂੰ ਫੈਲਾਉਣ ਦਾ ਮੌਕਾ ਦਿੰਦਾ ਹੈ। ਜਿਵੇਂ ਕਿ ਪਲੇਗ, ਟਾਈਫਾਈਡ, ਹੈਜ਼ਾ, ਦਿਮਾਗੀ ਬੁਖਾਰ, ਪੇਚਿਸ਼, ਪੀਲੀਆ-ਬੁਖਾਰ ਅਤੇ ਕਈ ਪ੍ਰਕਾਰ ਦੇ ਚਮੜੀ ਰੋਗ।
3. ਖੁੱਲੇ ਤੌਰ ਤੇ ਸਾੜਿਆ ਕੂੜਾ ਹਵਾ ਵਿੱਚ ਪ੍ਰਦੂਸ਼ਣ ਫੈਲਾਉਂਦਾ ਹੈ। ਕੂੜੇ ਨੂੰ ਜਲਾਉਣ ਨਾਲ ਪੈਦਾ ਹੋਇਆ ਧੂੰਆ ਖਤਰਨਾਕ ਹੁੰਦਾ ਹੈ ਅਤੇ ਸਾਹ ਅਤੇ ਫੇਫੜਿਆਂ ਦੀਆਂ ਬੀਮਾਰੀਆਂ ਦਾ ਕਾਰਨ ਬਣਦਾ ਹੈ।
4. ਕੂੜੇ-ਕਰਕਟ ਦੇ ਢੇਰਾਂ ਅਤੇ ਨਿਪਟਾਰਾ ਕਰਨ ਦੇ ਸਥਾਨਾਂ ਤੋਂ ਹੁੰਦਾ ਹੋਇਆ ਦੂਸ਼ਿਤ ਪਾਣੀ ਸਪਲਾਈ ਕੀਤੇ ਜਾਣ ਵਾਲੇ ਪਾਣੀ ਨੂੰ ਬੁਰੀ ਤਰ੍ਹਾਂ ਦੂਸ਼ਿਤ ਕਰ ਸਕਦਾ ਹੈ।
5. ਥਾਂ-ਥਾਂ ਉੱਤੇ ਖਿਲਰਿਆ ਕੂੜਾ-ਕਰਕਟ ਸ਼ਹਿਰੀ ਵਾਤਾਵਰਨ ਨੂੰ ਖਰਾਬ ਕਰਦਾ ਹੈ ਅਤੇ ਸਥਾਨਿਕ ਸੁੰਦਰਤਾ ਨੂੰ ਵਿਗਾੜਦਾ ਹੈ।
6. ਕੂੜਾ-ਕਰਕਟ ਦੇ ਢੇਰ ਵਿੱਚ ਪਲਾਸਟਿਕ ਦੀਆਂ ਥੈਲੀਆਂ ਆਮ ਪਈਆਂ ਨਜ਼ਰ ਆਉਂਦੀਆਂ ਹਨ। ਜਿਹੜੇ ਪਸ਼ੂ ਇਹਨਾਂ ਨੂੰ ਚਰ ਜਾਂਦੇ ਹਨ, ਇਹ ਥੈਲੀਆਂ ਉਹਨਾਂ ਦੀ ਮੌਤ ਦਾ ਕਾਰਨ ਬਣ ਜਾਂਦੀਆਂ ਹਨ।



*ਚਿੱਤਰ 14.2 ਪਲਾਸਟਿਕ ਕਚਰਾ (ਕੂੜਾ)*

7. ਪਲਾਸਟਿਕ ਦੀਆਂ ਥੈਲੀਆਂ ਨਾਲ ਸੀਵਰੇਜ, ਨਾਲਿਆਂ ਆਦਿ ਵਿੱਚ ਪਾਣੀ ਦਾ ਵਹਾਅ ਰੁੱਕ ਜਾਂਦਾ ਹੈ।
8. ਇਹਨਾਂ ਥੈਲੀਆਂ ਨਾਲ ਉਪਜਾਊ ਮਿੱਟੀ ਨੂੰ ਵੀ ਨੁਕਸਾਨ ਪਹੁੰਚਦਾ ਹੈ ਕਿਉਂਕਿ ਇਹਨਾਂ ਨੂੰ ਗਲਣ ਲਈ ਸੈਂਕੜੇ ਸਾਲ ਲੱਗਦੇ ਹਨ।

ਪ੍ਰਸ਼ਨ 5. ਖੁੱਲ੍ਹੇ ਸੁੱਟੇ ਕੂੜੇ-ਕਰਕਟ ਨਾਲ ਹੋਣ ਵਾਲੀਆਂ ਬੀਮਾਰੀਆਂ ਲਿਖੋ ?

________________________________________

________________________________________

ਪ੍ਰਸ਼ਨ 6. ਖੁੱਲੇ ਤੌਰ ਤੇ ਸਾੜੇ ਕੂੜੇ ਨਾਲ ਹੋਣ ਵਾਲੀਆਂ ਬੀਮਾਰੀਆਂ ਲਿਖੋ ?

________________________________________

________________________________________

ਪ੍ਰਸ਼ਨ 7. ਪਲਾਸਟਿਕ ਦੀਆਂ ਥੈਲੀਆਂ ਦੀ ਵਰਤੋਂ ਦੇ ਕੀ-ਕੀ ਨੁਕਸਾਨ ਹਨ ?

________________________________________

________________________________________

### ਕੂੜੇ-ਕਰਕਟ ਨੂੰ ਘਟਾਉਣਾ :

ਸ਼ਹਿਰ ਵਿੱਚ ਇੱਕ ਵਿਅਕਤੀ ਰੋਜ਼ਾਨਾ ਔਸਤਨ 500 ਗ੍ਰਾਮ ਕੂੜਾ - ਕਰਕਟ ਪੈਦਾ ਕਰਦਾ ਹੈ। ਜਿੱਥੋਂ ਤੱਕ ਸੰਭਵ ਹੋਵੇ ਇਸ ਨੂੰ ਘਟਾਇਆ ਜਾਵੇ।

ਅਸੀਂ ਹੇਠ ਲਿਖੇ ਢੰਗਾਂ ਨਾਲ ਇਸ ਉਦੇਸ਼ ਵਿੱਚ ਸਹਾਈ ਹੋ ਸਕਦੇ ਹਾਂ :

1. ਕਾਗਜ਼ ਦੀਆਂ ਦੋਵੇਂ ਪਰਤਾਂ ਨੂੰ ਵਰਤੋਂ ਵਿੱਚ ਲਿਆਉਣ ਨਾਲ ਕਾਗਜ਼ ਤੋਂ ਪੈਦਾ ਹੋਣ ਵਾਲਾ ਕੂੜਾ ਕਰਕਟ 50 ਪ੍ਰਤੀਸ਼ਤ ਤੱਕ ਘੱਟ ਕੀਤਾ ਜਾ ਸਕਦਾ ਹੈ।
2. ਕਾਗਜ਼ ਦੀ ਥਾਂ ਲਿਖਣ ਦੇ ਅਭਿਆਸ ਲਈ ਸਲੇਟ ਦੀ ਵਰਤੋਂ ਕਰਨ ਨਾਲ।
3. ਕਿਤਾਬਾਂ ਨੂੰ ਸਾਫ਼-ਸੁਥਰੀਆਂ ਰੱਖਣ ਨਾਲ਼ ਤਾਂ ਜੋ ਉਹੀ ਕਿਤਾਬਾਂ ਹੋਰਨਾਂ ਬੱਚਿਆਂ ਲਈ ਵੀ ਵਰਤੀਆ ਜਾ ਸਕਣ।
4. ਘਰ ਲਈ ਸਮਾਨ ਖਰੀਦਣ ਜਾਣ ਵੇਲੇ ਕੱਪੜੇ ਦਾ ਥੈਲਾ ਲਿਜਾਇਆ ਜਾਵੇ ਇਸ ਨਾਲ ਪਲਾਸਟਿਕ ਦੀਆਂ ਥੈਲੀਆਂ ਦੀ ਵਰਤੋਂ ਘੱਟ ਜਾਵੇਗੀ।

### ਮੁੜ ਵਰਤੋਂ :

ਬਹੁਤ ਸਾਰੀਆਂ ਅਜਿਹੀਆਂ ਵਸਤੂਆਂ ਹੁੰਦੀਆਂ ਹਨ, ਜਿਨ੍ਹਾਂ ਦੀ ਮੁਰੰਮਤ ਹੋ ਸਕਦੀ ਹੈ ਉਹ ਮੁੜ ਵਰਤੋਂ ਜਾਂ ਮੁੜ ਉਤਪਾਦਨ ਵਿੱਚ ਲਿਆਂਦੀਆਂ ਜਾ ਸਕਦੀਆਂ ਹਨ। ਉਹਨਾਂ ਨੂੰ ਅਸੀਂ ਐਂਵੇ ਹੀ ਸੁੱਟ ਦਿੰਦੇ ਹਾਂ। ਅਜਿਹੀਆਂ ਵਸਤੂਆਂ ਨੂੰ ਸਹੀ ਢੰਗ ਨਾਲ ਮੁੜ ਵਰਤੋਂ ਵਿੱਚ ਲਿਆਉਣ ਦੀ ਭਾਵਨਾ ਹੋਣੀ ਚਾਹੀਦੀ ਹੈ।

1. ਬੱਚਿਆਂ ਨੂੰ ਚਾਹੀਦਾ ਹੈ ਕਿ ਉਹ ਤੋਹਫਿਆ ਨੂੰ ਗੂੰਦ ਨਾਲ ਜੋੜ ਕੇ ਪੈਕ ਕਰਨ ਦੀ ਥਾਂ ਉੱਤੇ ਉਹਨਾਂ ਨੂੰ ਰਿਬਨ ਨਾਲ ਬੰਨ੍ਹ ਕੇ ਪੈਕ ਕਰਨ, ਇਸ ਤਰ੍ਹਾਂ ਤੋਹਫੇ ਨੂੰ ਪੈਕ ਕਰਨ ਵਾਲਾ ਕਾਗਜ਼ ਅਤੇ ਰਿਬਨ ਦੁਬਾਰਾ ਵਰਤਿਆ ਜਾ ਸਕਦਾ ਹੈ।
2. ਫ਼ਲਾਂ ਅਤੇ ਸਬਜ਼ੀਆਂ ਦੇ ਛਿੱਲੜਾਂ ਨੂੰ ਘਰੇਲੂ ਪਸ਼ੂਆਂ ਦਾ ਚਾਰਾ ਬਣਾ ਕੇ ਮੁੜ ਵਰਤਿਆ ਜਾ ਸਕਦਾ ਹੈ।

3 ਖਰਾਬ ਬਿਜਲਈ ਉਪਕਰਨਾਂ ਅਤੇ ਖਰਾਬ ਮੋਬਾਈਲ ਫੋਨ ਨੂੰ ਸੁੱਟਣ ਦੀ ਥਾਂ ਇਸ ਦੀ ਮੁਰੰਮਤ ਕਰਵਾ ਲੈਣੀ ਚਾਹੀਦੀ ਹੈ।

4. ਸਾਡੇ ਕੋਲ ਕਈ ਖਾਲੀ ਡੱਬੇ ਹੁੰਦੇ ਹਨ। ਇਹਨਾਂ ਖਾਲੀ ਡੱਬਿਆਂ ਤੋਂ ਪੈਨਸਿਲ ਹੋਲਡਰ ਬਣਾ ਸਕਦੇ ਹਾਂ।




*ਚਿੱਤਰ 14.3 ਖਾਲੀ ਡੱਬਿਆਂ ਤੋਂ ਪੈਨਸਿਲ ਹੋਲਡਰ ਬਣਾਉਣ ਦਾ ਤਰੀਕਾ*

5. ਸਾਡੇ ਕੋਲ ਘਰ ਵਿੱਚ ਕਈ ਪ੍ਰਕਾਰ ਦੀਆਂ ਪਲਾਸਟਿਕ ਦੀਆਂ ਬੋਤਲਾਂ ਖਾਲੀ ਹੁੰਦੀਆਂ ਹਨ, ਅਸੀਂ ਉਹਨਾਂ ਦੇ ਫੁੱਲਦਾਨ ਬਣਾ ਸਕਦੇ ਹਾਂ।




*ਚਿੱਤਰ 14.4 ਪਲਾਸਟਿਕ ਦੀਆਂ ਬੋਤਲਾਂ ਤੋਂ ਫੁੱਲਦਾਨ ਬਣਾਉਣ ਦਾ ਤਰੀਕਾ*

### ਮੁੜ ਉਤਪਾਦਨ :

ਇਹ ਇੱਕ ਲਾਹੇਵੰਦ ਸੁਝਾਅ ਹੈ। ਕੁੱਝ ਮਾਹਰਾਂ ਦਾ ਮਤ ਹੈ ਕਿ ਸਾਡੇ ਦੁਆਰਾ ਸੁੱਟੇ ਗਏ ਕੂੜੇ ਵਿੱਚੋਂ ਲੱਗਭੱਗ ਅੱਧੇ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਮੁੜ ਉਤਪਾਦਨ ਵਿੱਚ ਲਿਆਂਦਾ ਜਾ ਸਕਦਾ ਹੈ। ਮੁੜ ਉਤਪਾਦਨ ਤੋਂ ਭਾਵ ਹੈ ਇੱਕ ਵਾਰੀ ਵਰਤੀ ਗਈ ਚੀਜ਼ ਨੂੰ ਕਾਰਖਾਨਿਆਂ ਵਿੱਚ ਸੋਧ ਕੇ ਮੁੜ ਵਰਤੋਂ ਵਿੱਚ ਲਿਆਉਣਾ। ਜਿਵੇਂ ਕਿ ਵਰਤੇ ਗਏ ਕਾਗਜ਼ ਤੋਂ ਅਖ਼ਬਾਰੀ ਕਾਗਜ਼ ਤਿਆਰ ਕਰਨਾ। ਭਾਰੀ ਮਾਤਰਾ ਵਿੱਚ ਵਰਤੇ ਗਏ ਕਾਗਜ਼ ਨੂੰ ਸੋਧ ਕੇ ਅਖ਼ਬਾਰਾਂ, ਮੈਗਜ਼ੀਨ (ਰਸਾਲੇ), ਗੱਤੇ ਦੇ ਡੱਬਿਆਂ ਦੇ ਰੂਪ ਵਿੱਚ ਮੁੜ ਵਰਤੋਂ ਵਿੱਚ ਲਿਆਂਦਾ ਜਾ ਸਕਦਾ ਹੈ।

ਕੂੜਾ-ਕਰਕਟ ਵਿਚੋਂ ਪ੍ਰਾਪਤ ਹੁੰਦੇ ਪਲਾਸਟਿਕ, ਸ਼ੀਸ਼ੇ ਅਤੇ ਐਲੂਮੀਨੀਅਮ ਨੂੰ ਕਾਰਖਾਨਿਆਂ ਵਿੱਚ ਸੋਧ ਕੇ ਮੁੜ ਵਰਤੋਂ ਵਿੱਚ ਲਿਆਂਦਾ ਜਾ ਸਕਦਾ ਹੈ। ਵਸਤੂਆਂ ਦੇ ਸੋਧਨ ਨੂੰ ਪਹਿਲ ਦਿੱਤੀ ਜਾਂਦੀ ਹੈ। ਕਿਉਂਕਿ ਇਸ ਨਾਲ ਕੁਦਰਤੀ ਸੋਮਿਆਂ ਦੀ ਵੀ ਸੁਰੱਖਿਆ ਹੁੰਦੀ ਹੈ ਅਤੇ ਵਾਤਾਵਰਨ ਵੀ ਸਾਫ ਰਹਿੰਦਾ ਹੈ। ਕੂੜਾ ਘਟਾਉਣਾ, ਮੁੜ ਵਰਤੋਂ ਕਰਨੀ ਅਤੇ ਕੂੜੇ ਨੂੰ ਮੁੜ ਸੋਧ ਕੇ ਮੁੜ ਉਤਪਾਦਨ ਕਰਨ ਦੇ ਨਾਲ ਨਾਲ ਇਹ ਵੀ ਜ਼ਰੂਰੀ ਹੈ ਕਿ ਸਭ ਨੂੰ ਠੋਸ ਕੂੜਾ-ਕਰਕਟ ਨੂੰ ਠਿਕਾਣੇ ਲਗਾਉਣ ਸਬੰਧੀ ਸਿੱਖਿਅਤ ਕੀਤਾ ਜਾਵੇ।

ਸ੍ਰੀ ਨੇਕ ਚੰਦ ਦੁਆਰਾ ਚੰਡੀਗੜ੍ਹ ਵਿੱਚ ਬਣਾਇਆ ਰਾੱਕ ਗਾਰਡਨ ਵਿਅਰਥ ਪਦਾਰਥਾਂ ਨੂੰ ਮੁੜ ਵਰਤਣ ਦਾ ਉੱਤਮ ਨਮੂਨਾ ਹੈ।



*ਚਿੱਤਰ 14.5 ਰਾੱਕ ਗਾਰਡਨ ਦੇ ਦ੍ਰਿਸ਼*

ਪ੍ਰਸ਼ਨ 8. ਤੁਸੀਂ ਕੂੜਾ-ਕਰਕਟ ਘਟਾਉਣ ਲਈ ਕੀ ਕੁੱਝ ਕਰ ਸਕਦੇ ਹੋ ?

___________________________________________

___________________________________________

___________________________________________

### ਅਧਿਆਪਕ ਲਈ :

1. ਦੋ ਅਲੱਗ ਅਲੱਗ ਰੰਗ ਦੇ ਕੂੜਾਦਾਨ (ਡਸਟਬਿਨ) ਜਿਵੇਂ ਹਰਾ ਅਤੇ ਲਾਲ ਤਿਆਰ ਕੀਤੇ ਜਾਣ।
2. ਸਕੂਲ ਵਿੱਚ ਵਿਦਿਆਰਥੀਆਂ ਨੂੰ ਅਜਿਹੀਆਂ ਵਸਤੂਆਂ ਇਕੱਠੀਆਂ ਕਰਨ ਲਈ ਕਿਹਾ ਜਾਵੇ ਜੋ ਕੂੜੇ ਕਰਕਟ ਵਿੱਚ ਸ਼ਾਮਲ ਹੋਣ।
3. ਹੁਣ ਗਲਣਯੋਗ ਅਤੇ ਨਾ-ਗਲਣਯੋਗ ਵਸਤੂਆਂ ਵੱਖ ਵੱਖ ਕਰਨ ਲਈ ਕਿਹਾ ਜਾਵੇ।
4. ਵਿਦਿਆਰਥੀਆਂ ਨੂੰ ਗਲਣਯੋਗ ਵਸਤੂਆਂ ਨੂੰ ਹਰੇ ਕੂੜਾਦਾਨ ਅਤੇ ਨਾ-ਗਲਣਯੋਗ ਵਸਤੂਆਂ ਨੂੰ ਲਾਲ ਕੂੜਾਦਾਨ ਵਿੱਚ ਇੱਕਠਾ ਕਰਨ ਦੀ ਸਿੱਖਿਆ ਦਿੱਤੀ ਜਾਵੇ। ਉਹਨਾਂ ਨੂੰ ਆਪਣੇ ਘਰਾਂ ਵਿੱਚ ਵੀ ਅਜਿਹੇ ਕੂੜਾਦਾਨਾਂ ਦੀ ਵਰਤੋਂ ਕਰਨ ਲਈ ਪ੍ਰੇਰਿਤ ਕੀਤਾ ਜਾਵੇ।

ਪਾਠ - 15

# ਕੋਇਲ ਅਤੇ ਕਾਂ

ਸਾਹਿਲ ਨੂੰ ਘਰ ਦੇ ਪਿਛਲੇ ਪਾਸੇ ਰੌਸ਼ਨਦਾਨ ਕੋਲ ਕੁੱਝ ਅਜੀਬ ਜਿਹੀ ਆਵਾਜ਼ ਸੁਣੀ। ਉਸ ਨੇ ਜਾ ਕੇ ਦੇਖਿਆ ਕਿ ਇੱਕ ਚਿੜੀ ਵਾਰ-ਵਾਰ ਆ ਜਾ ਰਹੀ ਸੀ। ਜਦੋਂ ਉਹ ਆਉਂਦੀ ਤਾਂ ਉਸਦੀ ਚੁੰਝ ਵਿਚ ਕਦੇ ਕੋਈ ਤੀਲਾ, ਰੂੰ ਜਾਂ ਕੋਈ ਕਾਗਜ਼ ਦਾ ਟੁਕੜਾ ਹੁੰਦਾ। ਇਹ ਦੇਖ ਕੇ ਉਹ ਹੈਰਾਨ ਹੋ ਰਿਹਾ ਸੀ। ਕਦੋਂ ਸ਼ਾਮ ਹੋ ਗਈ ਉਸ ਨੂੰ ਪਤਾ ਹੀ ਨਾ ਲੱਗਾ। ਉਹ ਲਗਾਤਾਰ ਇਸ ਬਾਰੇ ਸੋਚਦਾ ਰਿਹਾ। ਦੂਸਰੇ ਦਿਨ ਵੀ ਉਹ ਰੌਸ਼ਨਦਾਨ ਕੋਲ ਜਾ ਬੈਠਾ। ਉਸ ਦੇ ਪਾਪਾ ਨੇ ਸਾਹਿਲ ਨੂੰ ਰੌਸ਼ਨਦਾਨ ਵੱਲ ਨਿਗਾਹ ਟਿਕਾਈ ਬੈਠੇ ਦੇਖਿਆ ਤਾਂ ਉਹਨਾਂ ਨੂੰ ਅੰਦਾਜ਼ਾ ਹੋ ਗਿਆ ਕਿ ਉਹ ਕੱਲ੍ਹ ਦਾ ਕੀ ਸੋਚ ਰਿਹਾ ਸੀ। ਉਹਨਾਂ ਨੇ ਪਿਆਰ ਨਾਲ ਉਸ ਦੇ ਸਿਰ ਉੱਤੇ ਹੱਥ ਫੇਰਿਆ। ਸਾਹਿਲ ਨੇ ਪੁੱਛਿਆ, "ਪਾਪਾ ਇਹ ਚਿੜੀ ਕੀ ਕਰ ਰਹੀ ਹੈ ?" ਉਹਨਾਂ ਨੇ ਦੱਸਿਆ, "ਸਾਹਿਲ ਪੁੱਤਰ, ਇਹ ਚਿੜੀ ਆਲ੍ਹਣਾ ਬਣਾ ਰਹੀ ਹੈ। ਇਸੇ ਲਈ ਇਹ ਤੀਲੇ ਅਤੇ ਹੋਰ ਸਾਮਾਨ ਉਸ ਨੇ ਬੜੀ ਮਿਹਨਤ ਨਾਲ ਇਕੱਠੇ ਕੀਤੇ ਹਨ ਸ਼ਾਇਦ ਤੂੰ ਕੱਲ੍ਹ ਤੋਂ ਦੇਖ ਹੀ ਲਿਆ ਹੈ।" ਉਹ ਸਾਹਿਲ ਨੂੰ ਚੁੱਕ ਕੇ ਰੌਸ਼ਨਦਾਨ ਕੋਲ ਲੈ ਗਏ। ਉਸ ਨੇ ਦੇਖਿਆ ਕਿ ਚਿੜੀ ਨੇ ਤੀਲਿਆਂ ਨਾਲ ਇਕ ਬਹੁਤ ਛੋਟੀ ਕੌਲੀ ਵਰਗਾ ਆਲ੍ਹਣਾ ਬਣਾਇਆ ਹੋਇਆ ਸੀ। ਸਾਹਿਲ ਨੇ ਦੇਖਿਆ ਕਿ ਚਿੜੀ ਨੇ ਆਲ੍ਹਣੇ ਵਿੱਚ ਕਾਗਜ਼ ਅਤੇ ਰੂੰ ਆਦਿ ਵੀ ਰੱਖੇ ਹੋਏ ਸਨ। ਉਸ ਨੇ ਆਪਣੇ ਪਾਪਾ ਨੂੰ ਪੁੱਛਿਆ ਕਿ ਕਾਗਜ਼, ਲੀਰਾਂ ਅਤੇ ਰੂੰ ਵਰਗੀਆਂ ਚੀਜ਼ਾਂ ਚਿੜੀ ਨੇ ਆਪਣੇ ਆਲ੍ਹਣੇ ਵਿਚ ਕਿਉਂ ਰੱਖੀਆਂ ਸਨ।

ਪ੍ਰਸ਼ਨ 1. ਪੰਛੀ ਆਲ੍ਹਣੇ ਬਣਾਉਣ ਲਈ ਕਿਹੜੀਆਂ ਚੀਜ਼ਾਂ ਦੀ ਵਰਤੋਂ ਕਰਦੇ ਹਨ ?

______________________________

ਅਧਿਆਪਕ ਲਈ : ਅਧਿਆਪਕ ਜਮਾਤ ਵਿੱਚ ਇਸ ਬਾਰੇ ਚਰਚਾ ਕਰੇ ਕਿ ਚਿੜੀ ਨੇ ਆਪਣੇ ਆਲ੍ਹਣੇ ਵਿੱਚ ਕਾਗਜ਼, ਲੀਰਾਂ ਅਤੇ ਰੂੰ ਵਰਗੀਆਂ ਚੀਜ਼ਾਂ ਕਿਉਂ ਰੱਖੀਆਂ ਸਨ।

ਸਾਹਿਲ ਨੇ ਪੁੱਛਿਆ, "ਪਾਪਾ ਕੀ ਸਾਰੇ ਪੰਛੀ ਇਸੇ ਤਰ੍ਹਾਂ ਦੇ ਆਲ੍ਹਣੇ ਬਣਾਉਂਦੇ ਹਨ ?"

ਪਾਪਾ ਨੇ ਦੱਸਿਆ, "ਨਹੀਂ ਵੱਖ-ਵੱਖ ਪੰਛੀਆਂ ਦੇ ਆਲ੍ਹਣੇ ਵੱਖ-ਵੱਖ ਤਰ੍ਹਾਂ ਦੇ ਹੁੰਦੇ ਹਨ ਅਤੇ ਉਹ ਆਲ੍ਹਣਾ ਬਣਾਉਣ ਲਈ ਵੱਖ ਜਗ੍ਹਾ ਦੀ ਚੋਣ ਕਰਦੇ ਹਨ। ਆਮ ਕਰਕੇ ਪੰਛੀ ਦਰਖ਼ਤਾਂ ਉੱਪਰ ਆਲ੍ਹਣੇ ਬਣਾਉਂਦੇ ਹਨ ਪਰ ਚਿੜੀ ਅਤੇ ਕਬੂਤਰ ਤਾਂ ਲੋੜ ਪੈਣ 'ਤੇ ਘਰਾਂ ਦੀਆਂ ਖਿੜਕੀਆਂ, ਰੌਸ਼ਨਦਾਨਾਂ ਅਤੇ ਵਰਾਂਡਿਆਂ ਵਿੱਚ ਵੀ ਆਪਣਾ ਆਲ੍ਹਣਾ ਬਣਾ ਲੈਂਦੇ ਹਨ। ਜਿਵੇਂ ਚਿੜੀ ਨੇ ਆਪਣੇ ਘਰ ਵੀ ਰੌਸ਼ਨਦਾਨ ਵਿੱਚ ਆਲ੍ਹਣਾ ਬਣਾਇਆ ਹੈ"।



*ਚਿੱਤਰ 15.1 ਪੰਛੀਆਂ ਦੇ ਆਲ੍ਹਣੇ*

ਗਿਰਝ, ਇੱਲ ਅਤੇ ਬਾਜ਼ ਆਪਣੇ ਆਲ੍ਹਣੇ ਦਰਖ਼ਤ ਦੀ ਟੀਸੀ 'ਤੇ ਬਣਾਉਂਦੇ ਹਨ। ਤੋਤਾ, ਮੈਨਾ ਅਤੇ ਚੱਕੀਰਾਹਾ ਦਰਖ਼ਤਾਂ ਦੇ ਤਣੇ ਵਿੱਚ ਖੋੜ ਬਣਾ ਕੇ ਰਹਿੰਦੇ ਹਨ।ਉੱਲੂ ਵੀ ਦਰਖ਼ਤ ਦੇ ਖੋਖਲੇ ਤਣੇ ਵਿੱਚ ਰਹਿੰਦਾ ਹੈ।ਉਹ ਸਾਰਾ ਦਿਨ ਉੱਥੇ ਹੀ ਗੁਜ਼ਾਰਦਾ ਹੈ ਅਤੇ ਰਾਤ ਹੁੰਦਿਆਂ ਹੀ ਸ਼ਿਕਾਰ ਵਾਸਤੇ ਨਿੱਕਲ ਪੈਂਦਾ ਹੈ।



*ਚਿੱਤਰ 15.2 ਖੋੜ ਵਿੱਚ ਬੈਠਾ ਪੰਛੀ*

ਹੇਠਾਂ ਕੁੱਝ ਜੰਤੂਆਂ ਦੇ ਨਾਂ ਦਿੱਤੇ ਗਏ ਹਨ ਜਿਹੜੇ ਰਾਤ ਨੂੰ ਬਾਹਰ ਨਿੱਕਲਦੇ ਹਨ ਆਪਣੇ ਅਧਿਆਪਕ ਦੀ ਮੱਦਦ ਨਾਲ ਪਤਾ ਕਰੋ ਉਹਨਾਂ ਦਾ ਰਹਿਣ-ਸਥਾਨ ਕੀ ਹੈ ?

ਜਿਵੇਂ :

| ਜੰਤੂ | ਰਹਿਣ-ਸਥਾਨ |
|---|---|
| ਕਾਕਰੋਚ | ਸਿੱਲ੍ਹੀ ਅਤੇ ਹਨੇਰੀ ਜਗ੍ਹਾ |
| ਚਮਗਿੱਦੜ | ________________ |
| ਚੂਹਾ | ________________ |

ਟਟੀਹਰੀ ਅਤੇ ਮੋਰ ਆਪਣਾ ਆਲ੍ਹਣਾ ਜ਼ਮੀਨ ਉੱਪਰ ਕੁੱਝ ਰੋੜ ਇਕੱਠੇ ਕਰਕੇ ਬਣਾ ਲੈਂਦੇ ਹਨ।

ਪ੍ਰਸ਼ਨ 2. ਅਜਿਹੇ ਹੋਰ ਕਿਹੜੇ ਪੰਛੀ ਹਨ ਜਿਹੜੇ ਆਲ੍ਹਣਾ ਨਹੀਂ ਬਣਾਉਂਦੇ ਅਤੇ ਜ਼ਮੀਨ ਉੱਤੇ ਹੀ ਆਂਡੇ ਦਿੰਦੇ ਹਨ ?

________________________________________

ਸਭ ਤੋਂ ਵਧੀਆਂ ਆਲ੍ਹਣਾ ਬਿਜੜਾ ਪੰਛੀ ਬਣਾਉਂਦਾ ਹੈ। ਇਸ ਦਾ ਆਲ੍ਹਣਾ ਨਾ ਕੇਵਲ ਖ਼ੂਬਸੂਰਤ ਹੁੰਦਾ ਹੈ ਸਗੋਂ ਮਜ਼ਬੂਤ ਵੀ ਹੁੰਦਾ ਹੈ ਜੋ ਕਿ ਦੇਖਣ ਵਿਚ ਰੁੱਖ ਉੱਪਰ ਲਟਕਦੀ ਹੋਈ ਬੋਤਲ ਵਾਂਗ ਲਗਦਾ ਹੈ।

"ਜ਼ਿਆਦਾਤਰ ਪੰਛੀ ਆਪਣਾ ਆਲ੍ਹਣਾ ਆਪ ਹੀ ਬਣਾਉਂਦੇ ਹਨ ਪ੍ਰੰਤੂ ਕੁੱਝ ਪੰਛੀ ਆਪਣੇ ਲਈ ਖ਼ੁਦ ਆਲ੍ਹਣਾ ਨਹੀਂ ਬਣਾਉਂਦੇ। ਆ ਤੈਨੂੰ ਇਕ ਛੋਟੀ ਜਿਹੀ ਕਹਾਣੀ ਸੁਣਾਵਾਂ।

ਇਕ ਵਾਰ ਇਕ ਦਰਖ਼ਤ ਉੱਪਰ ਇਕ ਕਾਂ ਅਤੇ ਕੋਇਲ ਰਹਿੰਦੇ ਸਨ। ਕਾਂ ਨੇ ਬੜੀ ਮਿਹਨਤ ਕਰਕੇ ਆਪਣੇ ਲਈ ਬਹੁਤ ਸੁੰਦਰ ਆਲ੍ਹਣਾ ਬਣਾਇਆ। ਆਲ੍ਹਣਾ ਬਣਾਉਣ ਲਈ ਬੜੀ ਦੂਰੋਂ-ਦੂਰੋਂ ਸੁੱਕੇ ਤੀਲੇ, ਕਾਗਜ਼, ਰੂੰ ਆਦਿ ਇਕੱਠੇ ਕੀਤੇ ਤਾਂ ਕਿ ਆਲ੍ਹਣਾ ਆਰਾਮਦਾਇਕ ਰਹੇ, ਉਸ ਦੇ ਆਂਡੇ ਸੁਰੱਖਿਅਤ ਰਹਿਣ ਅਤੇ ਜਦੋਂ ਇਹਨਾਂ ਵਿਚੋਂ ਬੱਚੇ ਨਿਕਲਣ ਤਾਂ ਉਹਨਾਂ ਨੂੰ ਕੋਈ ਤਕਲੀਫ਼ ਨਾ ਹੋਵੇ। ਜਦੋਂ ਉਹ ਆਪਣਾ ਆਲ੍ਹਣਾ ਬਣਾ ਰਿਹਾ ਸੀ ਤਾਂ ਕੋਇਲ ਨੇ ਉਸ ਨੂੰ ਮਿਹਨਤ ਕਰਦਿਆਂ ਦੇਖ ਕੇ ਮਜ਼ਾਕ ਕੀਤਾ ਪਰ ਕਾਂ ਨੇ ਚੁੱਪਚਾਪ ਆਪਣਾ ਕੰਮ ਪੂਰਾ ਕੀਤਾ। ਸਮਾਂ ਆਉਣ 'ਤੇ ਕਾਉਣੀ ਨੇ ਆਲ੍ਹਣੇ ਵਿੱਚ ਆਂਡੇ ਦਿੱਤੇ। ਕੁੱਝ ਦਿਨ ਬੀਤ ਜਾਣ 'ਤੇ ਉਹਨਾਂ ਵਿਚੋਂ ਬਹੁਤ ਛੋਟੇ-ਛੋਟੇ ਅਤੇ ਪਿਆਰੇ-ਪਿਆਰੇ ਬੱਚੇ ਬਾਹਰ ਆਏ। ਇਕ ਦਿਨ ਬਹੁਤ ਤੇਜ਼ ਮੀਂਹ ਆਇਆ। ਕਾਂ ਆਪਣੇ ਪਰਿਵਾਰ ਸਮੇਤ ਉਸ ਆਲ੍ਹਣੇ ਵਿੱਚ ਬੜੇ ਆਰਾਮ ਨਾਲ ਬੈਠਾ ਰਿਹਾ ਪ੍ਰੰਤੂ ਕੋਇਲ ਮੀਂਹ ਵਿੱਚ ਭਿੱਜ ਗਈ।

ਦਰਅਸਲ ਕੋਇਲ ਆਪਣਾ ਆਲ੍ਹਣਾ ਖ਼ੁਦ ਨਹੀਂ ਬਣਾਉਂਦੀ। ਉਹ ਕਾਂ ਦੇ ਆਲ੍ਹਣੇ ਵਿੱਚ ਆਂਡੇ ਦਿੰਦੀ ਹੈ।"



ਚਿੱਤਰ 15.3 ਬਿਜੜੇ ਦਾ ਆਲ੍ਹਣਾ

ਸਾਹਿਲ ਬੜੇ ਧਿਆਨ ਨਾਲ ਕਹਾਣੀ ਸੁਣ ਰਿਹਾ ਸੀ। ਉਸਨੇ ਪੁੱਛਿਆ, "ਪੰਛੀ ਆਲ੍ਹਣਾ ਕਿਉਂ ਬਣਾਉਂਦੇ ਹਨ ?"

ਪਾਪਾ ਨੇ ਦੱਸਿਆ, "ਪੰਛੀ ਆਲ੍ਹਣੇ ਆਪਣੇ ਰਹਿਣ ਲਈ, ਆਂਡੇ ਦੇਣ ਲਈ, ਖ਼ਰਾਬ ਮੌਸਮ ਅਤੇ ਦੁਸ਼ਮਨਾਂ ਤੋਂ ਬਚਣ ਲਈ ਬਣਾਉਂਦੇ ਹਨ।"

ਪੰਛੀਆਂ ਵਾਂਗ ਜਾਨਵਰਾਂ ਨੂੰ ਵੀ ਰਹਿਣ ਲਈ ਘਰ ਦੀ ਜ਼ਰੂਰਤ ਹੁੰਦੀ ਹੈ। ਜਾਨਵਰ ਆਮ ਤੌਰ 'ਤੇ ਆਪਣੇ ਲਈ ਆਪ ਘਰ ਨਹੀਂ ਬਣਾਉਂਦੇ। ਬਹੁਤ ਸਾਰੇ ਜੰਗਲੀ ਜਾਨਵਰ ਆਪਣੇ ਕੁਦਰਤੀ ਵਾਤਾਵਰਨ ਨੂੰ ਹੀ ਨਿਵਾਸ ਦੇ ਰੂਪ ਵਿੱਚ ਪ੍ਰਯੋਗ ਕਰਦੇ ਹਨ। ਸ਼ੇਰ, ਬਾਘ ਅਤੇ ਰਿੱਛ ਜੰਗਲ ਵਿੱਚ ਗੁਫਾਵਾਂ ਵਿੱਚ ਰਹਿੰਦੇ ਹਨ। ਹਾਥੀ ਰੁੱਖਾਂ ਦੇ ਹੇਠਾਂ ਰਹਿੰਦੇ ਹਨ।

ਜੰਤੂਆਂ ਦੇ ਰਹਿਣ ਲਈ ਮਨੁੱਖ ਵੀ ਨਿਵਾਸ ਬਣਾਉਂਦਾ ਹੈ ਜਿਵੇਂ ਘੋੜਿਆਂ ਲਈ ਤਬੇਲਾ, ਭੇਡਾਂ-ਬੱਕਰੀਆਂ ਲਈ ਵਾੜਾ, ਮੁਰਗੀਆਂ ਲਈ ਮੁਰਗੀ-ਖਾਨਾ ਅਤੇ ਗਊਆਂ ਅਤੇ ਮੱਝਾਂ ਲਈ ਸ਼ੈੱਡ ਕਿਉਂਕਿ ਇਹ ਸਾਰੇ ਜੰਤੂ ਮਨੁੱਖ ਲਈ ਲਾਭਦਾਇਕ ਹਨ।

ਨਾਲ ਦਿੱਤੇ ਚਿੱਤਰ ਨੂੰ ਦੇਖੋ ਅਤੇ ਪਹਿਚਾਣੋ

ਸਹੀ ਪਹਿਚਾਣਿਆ ਇਹ ਮੱਕੜੀ ਦਾ ਜਾਲਾ ਹੈ। ਮੱਕੜੀ ਇਸ ਵਿੱਚ ਰਹਿੰਦੀ ਹੈ ਅਤੇ ਬੈਠ ਕੇ ਆਪਣੇ ਸ਼ਿਕਾਰ ਦਾ ਇੰਤਜ਼ਾਰ ਕਰਦੀ ਹੈ। ਜਦੋਂ ਸ਼ਿਕਾਰ ਜਾਲੇ ਵਿੱਚ ਫਸ ਜਾਂਦਾ ਹੈ ਤਾਂ ਉਸ ਨੂੰ ਭੋਜਨ ਦੇ ਰੂਪ ਵਿੱਚ ਖਾ ਲੈਂਦੀ ਹੈ। ਇਸ ਤਰ੍ਹਾਂ ਮੱਕੜੀ ਨੂੰ ਜਾਲਾ ਬਣਾਉਣ ਦੇ ਦੋ ਫ਼ਾਇਦੇ ਹਨ।



ਚਿੱਤਰ 15.4 ਮੱਕੜੀ ਦਾ ਜਾਲਾ

ਕੇਵਲ ਪੰਛੀ ਹੀ ਨਹੀਂ ਸਗੋਂ ਕੁੱਝ ਜਾਨਵਰ ਵੀ ਅਜਿਹੇ ਹਨ ਜੋ ਦੂਜੇ ਜਾਨਵਰਾਂ ਦੇ ਬਣਾਏ ਘਰਾਂ ਵਿੱਚ ਰਹਿੰਦੇ ਹਨ ਜਿਵੇਂ ਸੱਪ। ਸੱਪ ਦੂਜੇ ਜਾਨਵਰਾਂ ਦੀਆਂ ਬਣਾਈਆਂ ਖੁੱਡਾਂ ਵਿੱਚ ਰਹਿੰਦਾ ਹੈ।

ਪ੍ਰਸ਼ਨ 3. ਕਿਹੜੇ-ਕਿਹੜੇ ਜਾਨਵਰ ਖੁੱਡਾਂ ਵਿਚ ਰਹਿੰਦੇ ਹਨ ?

______________________________

______________________________

ਪ੍ਰਸ਼ਨ 4. ਕੁੱਝ ਜਾਨਵਰ ਪਾਣੀ ਅਤੇ ਜ਼ਮੀਨ ਦੋਵਾਂ ਉੱਪਰ ਰਹਿੰਦੇ ਹਨ। ਆਓ ਉਹਨਾਂ ਦੇ ਨਾਂ ਲਿਖੀਏ : -

______________________________

ਕਿਰਿਆ : 1 ਬੱਚੇ ਇਸ ਕਵਿਤਾ ਨੂੰ ਜਮਾਤ ਵਿੱਚ ਲੈਅ ਨਾਲ ਬੋਲਣਗੇ ਅਤੇ ਅਧਿਆਪਕ ਇਸ ਦਾ ਅਰਥ ਬੱਚਿਆਂ ਨੂੰ ਦੱਸੇਗਾ।

1. ਤੀਲਾ ਤੀਲਾ ਜੋੜ ਕੇ ਡੱਬੀ ਵਰਗਾ ਘਰ ਬਣਾਇਆ,
ਖੁੱਲ੍ਹਾ-ਡੁੱਲ੍ਹਾ ਰੱਖ ਕੇ ਮੈਂ, ਬੱਚਾ - ਬੱਚੀ ਵਿੱਚ ਬਿਠਾਇਆ,
ਅੰਦਰ ਮੀਂਹ ਨਾ ਆਏ ਹਨ੍ਹੇਰੀ ਪੱਤਿਆਂ ਨੂੰ ਇੰਜ ਸੀਤਾ,
ਦਰਜਨ ਚਿੜੀ ਦਾ ਨਾਂ, ਸਾਰਿਆਂ ਤਾਹੀਂਓ ਮੈਨੂੰ ਦਿੱਤਾ।
2. ਘਰ ਤਾਂ ਇਨ੍ਹਾਂ ਵੀ ਬਣਾਇਆ, ਬਿਨ ਤੀਲਾ ਬਿਨ ਪੱਤਾ,
ਇੱਕ-ਇੱਕ ਕਣ ਇਕੱਠਾ ਕੀਤਾ, ਸਿੱਲ੍ਹਾ ਮਿੱਟੀ ਘੱਟਾ
ਮਿਲ ਜੁਲ ਸਾਰਿਆ ਰਹਿਣ ਲਈ ਇੱਕ ਨਿੱਕਾ ਮਹਿਲ ਸਜਾਇਆ,
ਦਿਸਦਾ ਇੱਕ ਪਹਾੜ ਵਾਂਗ ਹੀ, ਜੋ ਇਹ ਟਿੱਲਾ ਸਿਉਂਕ ਬਣਾਇਆ।
3. ਟੁਕੜਾ ਰੱਖਦੇ ਰੋਟੀ ਦਾ ਉਹ ਮੈਨੂੰ ਪਿੰਜਰੇ ਕਰਦੇ ਬੰਦ,
ਚੂਹਾ ਬਣ ਮੈ ਜੁਰਮ ਕੀ ਕੀਤਾ ਉਹ ਮੈਨੂੰ ਕਾਹਤੋ ਕਰਦੇ ਤੰਗ,
ਸੱਪ ਮੇਰੇ ਘਰ ਕਬਜ਼ਾ ਕੀਤਾ ਜ਼ਰਾ ਨਾ ਉਸ ਨੇ ਕੀਤੀ ਸੰਗ,
ਮਿਹਨਤ ਕਰਕੇ ਖ਼ੁਦ ਘਰ ਬਣਾਇਆ ਜਿਹੜਾ ਲੱਗੇ ਇੱਕ ਸੁਰੰਗ,
4. ਪਾਣੀ ਅੰਦਰ ਜਾਨ ਹੈ ਮੇਰੀ ਬਾਕੀ ਸਾਰੇ ਇਸ ਤੋਂ ਡਰਦੇ,
ਪਾਣੀ ਦੀ ਕਹਿੰਦੇ ਨੇ ਰਾਣੀ ਜਾਲ ਲਗਾ ਕੇ ਮੈਨੂੰ ਫੜਦੇ,
ਮੈਂ ਪਾਣੀ ਅੰਦਰ ਖੇਡਾਂ ਗਾਵਾਂ ਵਿੱਚ ਪਾਣੀ ਸੌਂ ਜਾਵਾਂ,
ਪਾਣੀ ਅੰਦਰ ਰਹਿੰਦੀਆਂ ਆਈਆਂ ਨਾਨੀਆਂ, ਦਾਦੀਆਂ, ਮਾਵਾਂ।

ਪਾਠ - 16

# ਕਿਸ ਦਿਸ਼ਾ 'ਚੋਂ ਆਏ ਸੂਰਜ

ਕਿਸ ਦਿਸ਼ਾ 'ਚੋਂ ਆਏ ਸੂਰਜ,
ਕਿਸ ਦਿਸ਼ਾ ਛਿਪ ਜਾਏ ?
ਕਿਸ ਪਾਸੇ ਹਿਮਾਲਾ ਉੱਚਾ,
ਕਿੱਥੇ ਹਿੰਦ ਮਹਾਂਸਾਗਰ ਲਹਿਰਾਏ ?
ਪੂਰਬ ਦਿਸ਼ਾ 'ਚੋਂ ਆਏ ਸੂਰਜ,
ਪੱਛਮ ਦਿਸ਼ਾ ਵੱਲ ਛਿਪ ਜਾਏ।
ਉੱਤਰ ਦਿਸ਼ਾ ਹਿਮਾਲਾ ਉੱਚਾ,
ਦੱਖਣ ਮਹਾਂਸਾਗਰ ਲਹਿਰਾਏ।



*ਚਿੱਤਰ 16.1 ਭਾਰਤ ਦਾ ਨਕਸ਼ਾ*

ਪਿਆਰੇ ਬੱਚਿਓ, ਹੁਣ ਤੱਕ ਜੋ ਤੁਸੀਂ ਚਾਰ ਮੁੱਖ ਦਿਸ਼ਾਵਾਂ ਜਾਣੀਆਂ ਹਨ, ਆਓ ਇਕ ਵਾਰ ਉਹਨਾਂ ਦੇ ਨਾਂ ਲਿਖੀਏ :

1. ______________________
2. ______________________
3. ______________________
4. ______________________

ਤੁਹਾਨੂੰ ਸੂਰਜ ਦੇ ਚੜ੍ਹਨ ਅਤੇ ਛਿਪਣ ਦੀ ਦਿਸ਼ਾ ਦਾ ਪਤਾ ਲੱਗ ਗਿਆ ਹੋਵੇਗਾ। ਹਿਮਾਲਾ ਪਰਬਤ ਅਤੇ ਹਿੰਦ ਮਹਾਂਸਾਗਰ ਸਾਡੇ ਦੇਸ਼ ਭਾਰਤ ਦੇ ਕਿਸ ਪਾਸੇ ਹਨ, ਇਹ ਵੀ ਜਾਣ ਚੁੱਕੇ ਹੋਵੋਗੇ।

ਕੀ ਤੁਸੀਂ ਜਾਣਦੇ ਹੋ ਤੁਹਾਡੇ ਸਕੂਲ ਦਾ ਗੇਟ ਕਿਸ ਦਿਸ਼ਾ ਵਿੱਚ ਹੈ ਅਤੇ ਤੁਹਾਡੀ ਜਮਾਤ ਦਾ ਕਮਰਾ ਕਿਸ ਦਿਸ਼ਾ ਵਿਚ ਹੈ ? ਨਹੀਂ !

ਆਓ ਪਤਾ ਕਰੀਏ।

ਕਿਰਿਆ : 1ਸਵੇਰੇ ਜਦੋਂ ਸੂਰਜ ਚੜ੍ਹਦਾ ਹੈ ਤਾਂ ਸੂਰਜ ਵੱਲ ਮੂੰਹ ਕਰਕੇ ਖੜ੍ਹੇ ਹੋ ਜਾਵੋ ਅਤੇ ਆਪਣੀਆਂ ਬਾਂਹਾਂ ਫੈਲਾਅ ਲਓ, ਬਿਲਕੁਲ ਚਿੱਤਰ ਵਿੱਚ ਵਿਖਾਏ ਬੱਚੇ ਵਾਂਗ।



*ਚਿੱਤਰ 16.2 ਚੜ੍ਹਦੇ ਸੂਰਜ ਨੂੰ ਵੇਖਦਾ ਬੱਚਾ*

ਜਦੋਂ ਤੁਸੀ ਇਸ ਤਰ੍ਹਾਂ ਖੜੋਗੇ ਤਾਂ ਤੁਹਾਡੇ ਸਾਹਮਣੇ ਪੂਰਬ ਦਿਸ਼ਾ ਅਤੇ ਉਲਟ ਅਰਥਾਤ ਪਿਛਲੇ ਪਾਸੇ ਪੱਛਮ ਦਿਸ਼ਾ ਹੋਵੇਗੀ। ਤੁਹਾਡਾ ਖੱਬਾ ਹੱਥ ਉੱਤਰ ਦਿਸ਼ਾ ਵੱਲ ਇਸ਼ਾਰਾ ਕਰੇਗਾ ਅਤੇ ਸੱਜਾ ਹੱਥ ਦੱਖਣ ਦਿਸ਼ਾ ਵੱਲ।

ਅਧਿਆਪਕ ਲਈ : – ਹੋ ਸਕਦਾ ਹੈ ਉਪਰੋਕਤ ਕਿਰਿਆ ਬੱਚੇ ਆਪਣੇ ਤੌਰ 'ਤੇ ਇਕੱਲੇ ਨਾ ਕਰ ਸਕਣ ਤਾਂ ਕਿਸੇ ਦਿਨ ਸਵੇਰ ਦੇ ਸਮੇਂ ਇਸ ਕਿਰਿਆ ਨੂੰ ਕਰਵਾ ਕੇ ਦਿਸ਼ਾਵਾਂ ਬਾਰੇ ਦੱਸ ਦਿੱਤਾ ਜਾਵੇ।

ਕੀ ਤੁਸੀਂ ਜਾਣ ਗਏ ਹੋ ਕਿ ਤੁਹਾਡਾ ਘਰ ਸਕੂਲ ਦੀ ਕਿਸ ਦਿਸ਼ਾ ਵਿੱਚ ਹੈ ?

ਆਓ ਦੇਖੀਏ ਤੁਹਾਡੇ ਸਕੂਲ ਤੋਂ ਭਿੰਨ-ਭਿੰਨ ਦਿਸ਼ਾਵਾਂ ਵਿਚ ਕੀ ਹੈ ?

ਪੂਰਬ ਦਿਸ਼ਾ ਵਿੱਚ ______________________

ਪੱਛਮ ਦਿਸ਼ਾ ਵਿੱਚ ______________________

ਉੱਤਰ ਦਿਸ਼ਾ ਵਿੱਚ ______________________

ਦੱਖਣ ਦਿਸ਼ਾ ਵਿੱਚ ______________________

ਇਹ ਬੱਚੇ ਕੀ ਕਰ ਰਹੇ ਹਨ। ਅੱਛਾ ! ਦਫ਼ਤਰ ਤੋਂ ਆਪਣੇ ਜਮਾਤ ਦੇ ਕਮਰੇ ਦੀ ਦੂਰੀ ਮਾਪ ਰਹੇ ਹਨ। ਇਹ






ਜਾਨਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਉਹਨਾਂ ਦੀ ਜਮਾਤ ਦਾ ਕਮਰਾ ਦਫ਼ਤਰ ਤੋਂ ਕਿਸ ਦਿਸ਼ਾ ਵਿੱਚ ਹੈ ਅਤੇ ਕਿੰਨੀ ਦੂਰ ਹੈ ?

ਅਧਿਆਪਕ ਲਈ : ਵਿਦਿਆਰਥੀਆਂ ਨੂੰ ਲੰਬਾਈ, ਚੌੜਾਈ ਅਤੇ ਮਾਪਣ ਵਾਲੇ ਫੀਤੇ ਉੱਪਰ ਅੰਕਿਤ ਮੀਟਰ ਅਤੇ ਸੈਂਟੀਮੀਟਰ ਦੀ ਜਾਣਕਾਰੀ ਦੇ ਕੇ ਮਾਪਣ ਦਾ ਅਭਿਆਸ ਕਰਵਾ ਦਿੱਤਾ ਜਾਵੇ।

ਕਿਰਿਆ : 2 ਆਓ ਹੇਠ ਦਿੱਤੀਆਂ ਚੀਜ਼ਾਂ ਨੂੰ ਮਾਪਣ ਤੋਂ ਬਾਅਦ ਉਹਨਾਂ ਦਾ ਮਾਪ ਲਿਖੀਏ।


| ਵਾਤਾਵਰਨ ਸਿੱਖਿਆ ਦੀ ਪਾਠ-ਪੁਸਤਕ | ਜਮਾਤ ਦਾ ਕਮਰਾ |
|---|---|
| ਲੰਬਾਈ ________________ | ਲੰਬਾਈ ________________ |
| ਚੌੜਾਈ ________________ | ਚੌੜਾਈ ________________ |

ਦਿਸ਼ਾਵਾਂ ਅਤੇ ਮਾਪ ਜਾਨਣ ਤੋਂ ਬਾਅਦ ਆਓ ਕੁੱਝ ਚਿੰਨ੍ਹਾਂ ਬਾਰੇ ਜਾਣਦੇ ਹਾਂ ਅਤੇ ਇਹ ਵੀ ਜਾਣਦੇ ਹਾਂ ਕਿ ਇਹ ਕੀ ਦਰਸਾਉਂਦੇ ਹਨ :

| ਚਿੰਨ੍ਹ | ਕੀ ਦਰਸਾਉਂਦੇ ਹਨ |
|---|---|
|  | ਰੇਲਵੇ ਲਾਈਨ |
|  | ਛੱਪੜ ਜਾਂ ਤਲਾਅ |
|  | ਦਰਖ਼ਤ |
|  | ਮੰਦਰ ਜਾਂ ਗੁਰਦੁਆਰਾ |
|  | ਬਸਤੀ ਜਾਂ ਕਲੋਨੀ |

*ਚਿੱਤਰ 16.3 ਸੰਕੇਤ*

ਗੁਰਪ੍ਰੀਤ ਬਲੈਕ-ਬੋਰਡ ਉੱਪਰ ਕੁੱਝ ਵਾਹ ਰਹੀ ਹੈ ? ਆਓ ਦੇਖੀਏ।




*ਚਿੱਤਰ 16.4 ਘਰ ਤੋਂ ਸਕੂਲ ਤੱਕ ਦਾ ਨਕਸ਼ਾ*

ਅੱਛਾ ਉਹ ਆਪਣੇ ਘਰ ਤੋਂ ਸਕੂਲ ਪਹੁੰਚਣ ਦਾ ਰਸਤਾ ਦੱਸ ਰਹੀ ਹੈ। ਇਸ ਤੋਂ ਅਸੀਂ ਜਾਣ ਸਕਦੇ ਹਾਂ ਕਿ ਘਰੋਂ ਤੁਰਨ ਤੋਂ ਬਾਅਦ ਉਹ ਰੇਲਵੇ ਲਾਈਨ ਪਾਰ ਕਰਕੇ ਖੱਬੇ ਪਾਸੇ ਮੁੜਦੀ ਹੈ ਅਤੇ ਫਿਰ ਮੰਦਰ ਕੋਲੋਂ ਖੱਬੇ ਪਾਸੇ ਮੁੜਨ ਸਾਰ ਹੀ ਸਕੂਲ ਆ ਜਾਂਦਾ ਹੈ।

ਕਿਰਿਆ : 3

ਤੁਸੀਂ ਵੀ ਹੁਣ ਆਪਣੇ ਘਰ ਤੋਂ ਸਕੂਲ ਤੱਕ ਦੇ ਰਸਤੇ ਨੂੰ ਦਰਸਾਓ। ਰਸਤੇ ਵਿਚ ਆਉਂਦੇ ਮਹੱਤਵਪੂਰਨ ਸਥਾਨਾਂ ਨੂੰ ਦਰਸਾਉਣ ਲਈ ਉਪਰੋਕਤ ਚਿੰਨ੍ਹਾਂ ਦੀ ਵਰਤੋਂ ਕਰ ਸਕਦੇ ਹੋ।

*ਉਪਰੋਕਤ ਖਾਲੀ ਸਥਾਨ ਨਕਸ਼ੇ ਲਈ*

ਪਾਠ - 17

# ਕਿੱਥੋਂ ਆਇਆ, ਕਿੱਥੇ ਗਿਆ ਪਾਣੀ

ਨਹਿਰਾਂ ਖਾਲਾਂ ਨਾਲਿਆਂ ਵਿੱਚੋਂ, ਉੱਡ ਅਸਮਾਨੀਂ ਚੜ੍ਹਦਾ,
ਵਾਸ਼ਪ ਬਣ ਸਮੁੰਦਰਾਂ ਉੱਤੋਂ, ਵਿੱਚ ਬੱਦਲੀਂ ਇਹ ਰਲਦਾ।

ਛਮ-ਛਮ ਬਰਸੇ ਧਰਤੀ ਉੱਤੇ, ਬਣਕੇ ਮੀਂਹ ਦਾ ਪਾਣੀ,
ਪਿਘਲੇ ਬਰਫ ਪਹਾੜੋਂ ਪਾਣੀ, ਡੈਮ ਚਸ਼ਮੇ ਦਰਿਆਵੀਂ।

ਧਰਤੀ ਅੰਦਰ ਰਿਸਿਆ ਬੂਟੇ, ਸੋਖ ਹਵਾ ਵਿੱਚ ਛੱਡਦੇ,
ਟਿਊਬਵੈੱਲ ਤੇ ਨਲਕੇ ਰਲਕੇ, ਬਾਹਰ ਫੇਰ ਤੋਂ ਕੱਢਦੇ।

ਮੁੜ - ਮੁੜ ਚੱਕਰ ਲਾਈ ਜਾਵੇ, ਧਰਤੀ ਤੋਂ ਅਸਮਾਨੀਂ,
ਜਿੱਥੋਂ ਸ਼ੁਰੂ ਉੱਥੇ ਹੀ ਮੁੱਕੇ, ਇਹ ਪਾਣੀ ਦੀ ਕਹਾਣੀ।

ਕੱਲ੍ਹ ਰਾਤ ਜੈਸਮਿਨ ਆਪਣੇ ਘਰ ਦੇ ਵਿਹੜੇ ਵਿੱਚ, ਖੁੱਲ੍ਹੇ ਆਸਮਾਨ ਹੇਠਾਂ ਸੌਂ ਗਈ। ਸਵੇਰੇ ਉੱਠ ਕੇ ਉਹ ਵੇਖ ਕੇ ਹੈਰਾਨ ਸੀ ਕਿ ਉਸਦੇ ਉੱਪਰ ਲਈ ਚਾਦਰ, ਗਿੱਲੀ ਕਿਵੇਂ ਹੋ ਗਈ। ਉਸਨੇ ਆਪਣੀ ਬਗੀਚੀ ਵਿੱਚ ਵੀ ਘਾਹ ਦੀਆਂ ਪੱਤੀਆਂ 'ਤੇ ਪਾਣੀ ਦੇ ਤੁਪਕੇ ਜਿਹੇ ਦੇਖੇ।

ਉਹ ਦੌੜਦੀ ਹੋਈ ਆਪਣੇ ਪਾਪਾ ਕੋਲ ਜਾ ਕੇ ਕਹਿਣ ਲੱਗੀ, "ਪਾਪਾ! ਪਾਪਾ! ਰਾਤੀਂ ਮੀਂਹ ਆਇਆ ਸੀ ਅਤੇ ਮੈਨੂੰ ਪਤਾ ਹੀ ਨਹੀਂ ਲੱਗਿਆ।"

ਪਾਪਾ ਨੇ ਦੱਸਿਆ, "ਨਹੀਂ ਬੇਟਾ, ਤੇਰੀ ਚਾਦਰ ਗਿੱਲੀ ਹੋਣ ਦਾ ਕੋਈ ਹੋਰ ਕਾਰਨ ਹੈ। ਇਹ ਤ੍ਰੇਲ ਪਈ ਹੋਈ ਹੈ, ਜਿਸਨੇ ਤੇਰੀ ਚਾਦਰ ਅਤੇ ਘਾਹ ਨੂੰ ਗਿੱਲਾ ਕਰ ਦਿੱਤਾ ਹੈ। ਹਵਾ ਵਿਚਲੇ ਪਾਣੀ ਦੇ ਕਣ, ਚਾਦਰ ਅਤੇ ਘਾਹ ਦੀਆਂ ਪੱਤੀਆਂ ਦੀ ਠੰਢੀ ਸਤ੍ਹਾ 'ਤੇ ਜੰਮ ਗਏ ਹਨ।"

ਕਿਰਿਆ : 1 ਬੱਚਿਆਂ ਨੂੰ ਬਰਫ ਦੇ ਕੁਝ ਟੁਕੜੇ ਗਿਲਾਸ ਵਿੱਚ ਪਾਉਣ ਲਈ ਕਹੋ। ਬੱਚਿਆਂ ਨੂੰ ਸਮਝਾਓ ਕਿ ਕਿਵੇਂ ਹਵਾ ਵਿਚਲੇ ਜਲਵਾਸ਼ਪ ਠੰਢੇ ਹੋ ਕੇ, ਬੂੰਦਾਂ ਦੇ ਰੂਪ ਵਿੱਚ ਗਿਲਾਸ ਦੀ ਬਾਹਰੀ ਸਤਹ ਤੇ ਦਿਖਾਈ ਦਿੰਦੇ ਹਨ।

ਜੈਸਮਿਨ ਦੇ ਮੰਮੀ ਰਸੋਈ ਵਿੱਚ, ਪਤੀਲੀ ਵਿੱਚ ਸਬਜ਼ੀ ਬਣਾਉਣ ਲੱਗੇ। ਪਤੀਲੀ ਉੱਪਰ ਦਿੱਤੇ ਢੱਕਣ ਵਿੱਚ, ਉਨ੍ਹਾਂ ਨੇ ਕੁੱਝ ਪਾਣੀ ਪਾ ਕੇ ਰੱਖ ਦਿੱਤਾ।

ਜਦੋਂ ਕੋਲ ਖੜ੍ਹੀ ਜੈਸਮਿਨ ਨੇ ਇਸ ਦੇ ਕਾਰਨ ਬਾਰੇ ਪੁੱਛਿਆ ਤਾਂ ਮੰਮੀ ਨੇ ਦੱਸਿਆ ਕਿ ਜੇਕਰ ਸਬਜ਼ੀ ਵਿੱਚ ਹੋਰ ਪਾਣੀ ਮਿਲਾਉਣ ਦੀ ਲੋੜ ਪਈ ਤਾਂ ਉਹ ਇਹ ਗਰਮ ਪਾਣੀ ਮਿਲਾ ਦੇਵੇਗੀ।

ਜੈਸਮਿਨ ਵੇਖ ਕੇ ਹੈਰਾਨ ਹੋ ਗਈ ਕਿ ਕੁੱਝ ਹੀ ਸਮੇਂ ਵਿੱਚ, ਢੱਕਣ ਵਿਚਲਾ ਪਾਣੀ ਅੱਧਾ ਰਹਿ ਗਿਆ। ਮੰਮੀ ਨੇ ਉਸਨੂੰ ਦੱਸਿਆ ਕਿ ਬਾਕੀ ਪਾਣੀ, ਉੱਡ ਕੇ ਵਾਸ਼ਪਾਂ ਦੇ ਰੂਪ ਵਿੱਚ ਹਵਾ ਵਿੱਚ ਮਿਲ ਗਿਆ ਹੈ।

ਕਿਰਿਆ : 2 ਅਧਿਆਪਕ, ਗਰਮੀ ਦੇ ਮੌਸਮ ਵਿੱਚ ਧੁੱਪ ਵਿੱਚ, ਜਮਾਤ ਸਾਹਮਣੇ ਇੱਕ ਧਾਤ ਦੇ ਖੁੱਲ੍ਹੇ ਬਰਤਨ ਜਾਂ ਟਰੇਅ ਵਿੱਚ, ਕੁੱਝ ਪਾਣੀ ਪਾ ਕੇ ਰੱਖ ਦੇਵੇ। ਕੁੱਝ ਘੰਟਿਆਂ ਬਾਅਦ ਜਮਾਤ ਨੂੰ ਦਿਖਾਇਆ ਜਾਵੇ ਕਿ ਪਾਣੀ ਕਿਵੇਂ ਵਾਸ਼ਪ ਵਿੱਚ ਬਦਲ ਕੇ ਹਵਾ ਵਿੱਚ ਮਿਲ ਜਾਂਦਾ ਹੈ।

ਪ੍ਰਸ਼ਨ 1. ਗਰਮੀ ਦੇ ਮੌਸਮ ਵਿੱਚ ਪਿੰਡ ਦਾ ਛੱਪੜ ਕਿਉਂ ਸੁੱਕ ਜਾਂਦਾ ਹੈ ?

_______________________________________________

_______________________________________________

ਪ੍ਰਸ਼ਨ 2. ਵਾਸ਼ਪ ਬਣਕੇ ਜੋ ਪਾਣੀ ਹਵਾ ਵਿੱਚ ਮਿਲ ਜਾਂਦਾ ਹੈ, ਹਵਾ ਵਿੱਚੋਂ ਇਹ ਪਾਣੀ ਕਿੱਥੇ ਜਾਂਦਾ ਹੈ ?

_______________________________________________

_______________________________________________

ਫਿਰ ਜੈਸਮਿਨ ਨੇ ਨਹਾਉਣ ਲਈ ਟੂਟੀ ਹੇਠਾਂ ਬਾਲਟੀ ਲਗਾਈ। ਪਰ ਟੂਟੀ ਚੱਲ ਨਹੀਂ ਰਹੀ ਸੀ। ਉਸਦੇ ਪਾਪਾ ਨੇ ਕਿਹਾ, "ਬੇਟਾ, ਨਹਿਰ ਵਿੱਚ ਪਾਣੀ ਨਾ ਹੋਣ ਕਰਕੇ ਵਾਟਰ ਵਰਕਸ ਵਾਲਿਆਂ ਨੇ ਅੱਜ ਪਾਣੀ ਨਹੀਂ ਛੱਡਿਆ। ਮੈਂ ਤੈਨੂੰ ਨਲਕੇ ਤੋਂ ਪਾਣੀ ਦੀ ਬਾਲਟੀ ਭਰ ਦਿੰਦਾ ਹਾਂ।"






*ਚਿੱਤਰ 17.1 ਵਾਟਰ ਵਰਕਸ ਵਿੱਚ ਨਹਿਰ ਤੋਂ ਆ ਰਿਹਾ ਪਾਣੀ ਅਤੇ ਵਾਟਰ ਵਰਕਸ ਤੋਂ ਘਰਾਂ ਨੂੰ ਭੇਜਿਆ ਜਾ ਰਿਹਾ ਪਾਣੀ।*

"ਪਾਪਾ, ਫਿਰ ਨਲਕੇ ਵਿੱਚ ਪਾਣੀ ਕਿੱਥੋਂ ਆਵੇਗਾ ?" ਜੈਸਮਿਨ ਨੇ ਪੁੱਛਿਆ।

ਪਾਪਾ ਨੇ ਦੱਸਿਆ, "ਆਪਾਂ ਨਲਕੇ ਰਾਹੀਂ ਖਿੱਚ ਕੇ, ਜ਼ਮੀਨ ਹੇਠਲਾ ਪਾਣੀ ਬਾਹਰ ਕੱਢਦੇ ਹਾਂ। ਵਾਟਰ ਵਰਕਸ ਵਾਲੇ, ਨਹਿਰਦਾ ਪਾਣੀ ਇਕੱਠਾ ਕਰਕੇ, ਫਿਰ ਉਸਨੂੰ ਸਾਫ਼ ਕਰਕੇ ਸਾਡੇ ਘਰਾਂ ਤੱਕ ਪਹੁੰਚਾਉਂਦੇ ਹਨ।"

"ਪਾਪਾ, ਨਹਿਰ ਵਿੱਚ ਪਾਣੀ ਕਿੱਥੋਂ ਆਉਂਦਾ ਹੈ ?" ਜੈਸਮਿਨ ਨੇ ਹੋਰ ਉਤਸੁਕਤਾ ਨਾਲ ਪੁੱਛਿਆ।



*ਚਿੱਤਰ 17.2 ਬਾਹਰ ਕੱਢਿਆ ਜਾ ਰਿਹਾ ਜ਼ਮੀਨ ਹੇਠਲਾ ਪਾਣੀ*

"ਪਹਾੜਾਂ ਵਿੱਚੋਂ, ਕਿਉਂਕਿ ਉੱਥੇ ਮੀਂਹ ਬਹੁਤ ਪੈਂਦਾ ਹੈ। ਉੱਥੇ ਇਹ ਪਾਣੀ ਡੈਮ ਵਿੱਚ ਇਕੱਠਾ ਕਰ ਲਿਆ ਜਾਂਦਾ ਹੈ। ਇਸ ਪਾਣੀ ਤੋਂ ਬਿਜਲੀ ਪੈਦਾ ਕਰਕੇ, ਫਿਰ ਇਹ ਪਾਣੀ ਦਰਿਆਵਾਂ ਅਤੇ ਨਹਿਰਾਂ ਵਿੱਚ ਛੱਡ ਦਿੱਤਾ ਜਾਂਦਾ ਹੈ। ਉੱਚੇ ਪਹਾੜਾਂ 'ਤੇ ਜੰਮੀ ਬਰਫ਼ ਦਾ ਪਾਣੀ ਵੀ ਪਿਘਲ ਕੇ ਦਰਿਆਵਾਂ ਵਿੱਚ ਹੀ ਆਉਂਦਾ ਹੈ।" ਪਾਪਾ ਨੇ ਸਮਝਾਇਆ।



*ਚਿੱਤਰ 17.3 ਪਹਾੜਾਂ ਤੋਂ ਹੇਠਾਂ ਵਹਿੰਦਾ ਹੋਇਆ ਪਾਣੀ*

"ਪਾਪਾ, ਬੱਦਲਾਂ ਵਿੱਚ ਐਨਾ ਜ਼ਿਆਦਾ ਪਾਣੀ ਕਿੱਥੋਂ ਆਉਂਦਾ ਹੈ ?" ਜੈਸਮਿਨ ਨੇ ਫਿਰ ਨਵਾਂ ਸਵਾਲ ਕੀਤਾ।

ਪਾਪਾ ਨੇ ਦੱਸਿਆ, "ਧਰਤੀ ਤੋਂ ਵੱਡੇ ਸਮੁੰਦਰਾਂ 'ਚੋਂ ਦਿਨ-ਰਾਤ, ਵਾਸ਼ਪ ਬਣਕੇ ਪਾਣੀ ਉੱਡਦਾ ਰਹਿੰਦਾ ਹੈ। ਇਸੇ ਪਾਣੀ ਤੋਂ ਬੱਦਲ ਬਣਕੇ ਮੀਂਹ ਪੈਂਦਾ ਹੈ।"

ਜੈਸਮਿਨ ਨੇ ਦੁਬਾਰਾ ਪੁੱਛਿਆ, "ਫੇਰ ਤਾਂ ਪਾਪਾ, ਸਮੁੰਦਰ ਦੇ ਨੇੜੇ ਰਹਿਣ ਵਾਲੇ ਲੋਕਾਂ ਨੂੰ ਤਾਂ ਸਭ ਕੰਮਾਂ ਲਈ ਵਾਧੂ ਪਾਣੀ ਮਿਲ ਜਾਂਦਾ ਹੋਵੇਗਾ ?"



*ਚਿੱਤਰ 17.4 ਵਾਸ਼ਪ ਬਣਕੇ ਕੇ ਬੱਦਲਾਂ ਵਿੱਚ ਬਦਲਦਾ ਹੋਇਆ ਪਾਣੀ*

"ਨਹੀਂ, ਸਮੁੰਦਰ ਦਾ ਖਾਰਾ ਪਾਣੀ ਸਿਰਫ਼ ਲੂਣ ਕੱਢਣ ਦੇ ਕੰਮ ਆਉਂਦਾ ਹੈ। ਇਸ ਪਾਣੀ ਨੂੰ ਵਾਸ਼ਪ ਵਿੱਚ ਬਦਲ ਕੇ ਹਵਾ ਵਿੱਚ ਉੱਡਣ ਦਿੱਤਾ ਜਾਂਦਾ ਹੈ ਅਤੇ ਹੇਠਾਂ ਲੂਣ ਬਾਕੀ ਬਚ ਜਾਂਦਾ ਹੈ।" ਪਾਪਾ ਨੇ ਦੱਸਿਆ।

ਨਾਲ ਹੀ ਉਨ੍ਹਾਂ ਨੇ ਜੈਸਮਿਨ ਨੂੰ ਕਿਹਾ ਕਿ ਸਮੁੰਦਰ ਤਾਂ ਸਾਡੇ ਤੋਂ ਦੂਰ ਹੈ, ਪਰ ਇਸ ਵਾਰ ਉਹ ਉਸਨੂੰ ਗਰਮੀ ਦੀਆਂ ਛੁੱਟੀਆਂ ਵਿੱਚ ਭਾਖੜਾ ਡੈਮ ਜ਼ਰੂਰ ਵਿਖਾ ਕੇ ਲਿਆਉਣਗੇ, ਜਿੱਥੇ ਵੱਡੀ ਮਾਤਰਾ ਵਿੱਚ ਪਾਣੀ ਇਕੱਠਾ ਕਰਕੇ ਉਸਤੋਂ ਬਿਜਲੀ ਪੈਦਾ ਕੀਤੀ ਜਾਂਦੀ ਹੈ।

"ਪਾਪਾ, ਡੈਮ ਆਪਣੇ ਪਿੰਡ ਦੇ ਛੱਪੜ ਵਾਂਗ ਪੁੱਟ ਕੇ ਬਣਾਇਆ ਜਾਂਦਾ ਹੈ ?" ਜੈਸਮਿਨ ਨੇ ਪੁੱਛਿਆ।

"ਨਹੀਂ ਬੇਟਾ, ਡੈਮ ਬਹੁਤ ਵੱਡਾ ਹੁੰਦਾ ਹੈ। ਪਹਾੜੀਆਂ ਇਸਦੀਆਂ ਕੁਦਰਤੀ ਦੀਵਾਰਾਂ ਦਾ ਕੰਮ ਕਰਦੀਆਂ ਹਨ ਅਤੇ ਪਾਣੀ ਇਕੱਠਾ ਕਰਨ ਵਾਲੀ ਜਗ੍ਹਾ ਤੇ ਇਸਦੀਆਂ ਮੋਟੀਆਂ ਦੀਵਾਰਾਂ ਬਣਾਈਆਂ ਜਾਂਦੀਆਂ ਹਨ। ਇਸ ਤਰ੍ਹਾਂ ਬਣਾਏ ਡੈਮ ਵਿੱਚ ਪਾਣੀ ਇਕੱਠਾ ਕਰਕੇ ਉਸਤੋਂ ਬਿਜਲੀ ਪੈਦਾ ਕੀਤੀ ਜਾਂਦੀ ਹੈ।

ਛੋਟੇ ਪੱਧਰ 'ਤੇ ਮੀਂਹ ਦਾ ਪਾਣੀ ਇਕੱਠਾ ਕਰਨ ਲਈ ਆਪਾਂ ਵੀ ਆਪਣੇ ਖੇਤ ਵਿੱਚ ਟੈਂਕ ਬਣਾਇਆ ਹੈ ਅਤੇ ਧਰਤੀ ਹੇਠਲੇ ਪਾਣੀ ਦੀ ਪੂਰਤੀ ਕਰਨ ਲਈ ਆਪਾਂ ਮੀਂਹ ਦੇ ਪਾਣੀ ਨੂੰ ਆਪਣੇ ਘਰ ਵਿੱਚ ਪੁੱਟੇ ਇਸ ਬੋਰ ਰਾਹੀਂ ਧਰਤੀ ਅੰਦਰ ਭੇਜਦੇ ਹਾਂ।" ਪਾਪਾ ਨੇ ਸਮਝਾਉਂਦਿਆਂ ਕਿਹਾ।



*ਚਿੱਤਰ 17.5 ਡੈਮ (ਬੰਨ੍ਹ)*

ਕਿਰਿਆ : 3 ਇੱਕ ਬੀਕਰ ਵਿੱਚ ਪਾਣੀ ਅਤੇ ਨਮਕ ਦਾ ਘੋਲ ਪਾਕੇ ਗਰਮ ਕਰੋ। ਅਧਿਆਪਕ, ਜਮਾਤ ਸਾਹਮਣੇ ਪਾਣੀ ਨੂੰ ਭਾਫ਼ ਵਿੱਚ ਬਦਲਣ ਦੇਵੇ। ਫਿਰ ਹੇਠਾਂ ਬਚਿਆ ਨਮਕ ਦਿਖਾ ਕੇ, ਵਿਦਿਆਰਥੀਆਂ ਨੂੰ ਇਹ ਸਮਝਾਵੇ ਕਿ ਸਮੁੰਦਰ ਦੇ ਪਾਣੀ ਤੋਂ ਨਮਕ ਕਿਵੇਂ ਅਲੱਗ ਕੀਤਾ ਜਾਂਦਾ ਹੈ।

ਪ੍ਰਸ਼ਨ 3. ਸਮੁੰਦਰ ਦੇ ਪਾਣੀ ਵਿੱਚੋਂ ਨਮਕ ਕਿਵੇਂ ਕੱਢਿਆ ਜਾਂਦਾ ਹੈ ?

______________________________

______________________________

______________________________

ਪ੍ਰਸ਼ਨ 4. ਡੈਮ ਕਿਉਂ ਬਣਾਏ ਜਾਂਦੇ ਹਨ ?

______________________________

______________________________

______________________________

ਪ੍ਰਸ਼ਨ 5. ਤੁਸੀਂ ਪਾਣੀ ਦੇ ਕਿਹੜੇ-ਕਿਹੜੇ ਸਰੋਤਾਂ ਬਾਰੇ ਜਾਣਦੇ ਹੋ ? ਹੇਠਾਂ ਉਹਨਾਂ ਦੇ ਨਾਂ ਲਿਖੋ ?

______________________________

______________________________

______________________________

ਪਾਠ - 18

# ਪਾਣੀ ਦੀ ਕਹਾਣੀ

"ਪਾਣੀ ਆ ਗਿਆ ਪਾਣੀ ਆ ਗਿਆ" ਅਜਿਹੀਆਂ ਅਵਾਜ਼ਾਂ ਹਰ ਰੋਜ਼ ਸੁਣਨ ਨੂੰ ਮਿਲਦੀਆਂ ਸਨ। ਸਾਡੇ ਪਿੰਡ ਧਰਤੀ ਹੇਠਲਾ ਪਾਣੀ ਪੀਣ ਯੋਗ ਨਹੀਂ ਰਿਹਾ। ਇਸ ਲਈ ਜਦੋਂ ਵੀ ਵਾਟਰ ਵਰਕਸ ਦੀਆਂ ਟੂਟੀਆਂ ਵਿੱਚ ਪਾਣੀ ਆਉਂਦਾ ਆਲੇ-ਦੁਆਲੇ ਰੌਲਾ ਪੈਣ ਲੱਗ ਜਾਂਦਾ। ਪਰ ਅੱਜ ਲੱਗਭੱਗ ਦਸ ਮਿੰਟ ਹੋ ਗਏ ਸਨ ਰੌਲਾ ਬੰਦ ਹੀ ਨਹੀਂ ਹੋ ਰਿਹਾ ਸੀ। ਮੈਂ ਸਾਡੇ ਘਰ ਦੇ ਨੇੜੇ ਲੱਗੀ ਟੂਟੀ ਵੱਲ ਚਲ ਪਿਆ। "ਮਾਮਾ ਜੀ, ਟੂਟੀ ਵਿੱਚੋਂ ਕਾਲੇ ਰੰਗ ਦਾ ਪਾਣੀ ਆ ਰਿਹਾ ਏ" ਮੇਰੀ ਭਾਣਜੀ ਮੈਨੂੰ ਵੇਖਦਿਆਂ ਬੋਲੀ। ਮੇਰੀ ਭਾਣਜੀ ਸਾਡੇ ਕੋਲ ਰਹਿ ਕੇ ਪੜ੍ਹਾਈ ਕਰ ਰਹੀ ਹੈ। ਪਾਣੀ ਹਲਕੇ ਕਾਲੇ ਰੰਗ ਦਾ ਸੀ। ਕੋਈ ਇਸ ਪਾਣੀ ਨੂੰ ਬਰਤਨ ਵਿੱਚ ਨਹੀਂ ਭਰਨਾ ਚਾਹੁੰਦਾ ਸੀ। ਕਿਸੇ ਨੂੰ ਪਤਾ ਨਹੀਂ ਲੱਗ ਰਿਹਾ ਸੀ ਕਿ ਪਾਣੀ ਗੰਧਲਾ ਕਿਉਂ ਆ ਰਿਹਾ ਸੀ। ਲੰਬੀ ਉਡੀਕ ਪਿੱਛੋਂ ਸਭ ਔਰਤਾਂ ਖਾਲੀ ਭਾਂਡੇ ਲੈ ਕੇ ਵਾਪਸ ਮੁੜ ਗਈਆਂ। ਹੈਰਾਨੀ ਦੀ ਗੱਲ ਤਾਂ ਇਹ ਸੀ ਕਿ ਸਾਡੇ ਵਾਲੇ ਪਾਸੇ ਟੂਟੀਆਂ ਵਿੱਚ ਗੰਦਾ ਪਾਣੀ ਆਇਆ ਸੀ। ਪਰ ਸਕੂਲ ਵਾਲੇ ਪਾਸੇ ਪਾਣੀ ਸਾਫ ਸੁਥਰਾ ਸੀ। ਮੇਰੀ ਪਤਨੀ ਵੀ ਖਾਲੀ ਘੜ੍ਹੇ ਚੁੱਕ ਲਿਆਈ। ਮੇਰਾ ਪੰਜ ਕੁ ਸਾਲ ਦਾ ਪੁੱਤਰ ਬੋਲਿਆ, "ਮੰਮੀ ਮੀਂਹ ਪੈਣ ਨਾਲ ਆਪਣੇ ਪਿੰਡ ਦਾ ਛੱਪੜ ਨੱਕੋ-ਨੱਕ ਪਾਣੀ ਨਾਲ ਭਰਿਆ ਹੋਇਆ ਹੈ। ਤੁਸੀਂ ਪਾਣੀ ਉੱਥੋਂ ਲੈ ਆਓ।"

"ਨਹੀਂ ਪੁੱਤਰ, ਉਹ ਬਹੁਤ ਗੰਦਾ ਪਾਣੀ ਹੈ। ਇਸ ਲਈ ਉਹ ਪਾਣੀ ਪੀਣ ਵਾਲਾ ਨਹੀਂ ਹੈ।" ਮੈਂ ਆਪਣੇ ਪੁੱਤਰ ਨੂੰ ਦੱਸਿਆ।

"ਪਾਪਾ, ਉਸ ਪਾਣੀ ਨੂੰ ਕੌਣ ਗੰਦਾ ਕਰਦਾ ਹੈ ?"

"ਪੁੱਤਰ, ਲੋਕ ਛੱਪੜ ਵਿੱਚ ਪਸ਼ੂਆਂ ਨੂੰ ਨਹਾਉਂਦੇ ਹਨ ਜਿਸ ਨਾਲ ਪਾਣੀ ਬੇਹੱਦ ਗੰਦਾ ਹੋ ਜਾਂਦਾ ਹੈ। ਘਰਾਂ ਦਾ ਗੰਦਾ ਪਾਣੀ ਵੀ ਨਾਲੀਆਂ ਰਾਹੀਂ ਛੱਪੜ ਵਿੱਚ ਰਲ ਜਾਂਦਾ ਹੈ। ਕਈ ਖਤਰਨਾਕ ਸੂਖਮਜੀਵ ਛੱਪੜ ਦੇ ਪਾਣੀ ਵਿੱਚ ਪੈਦਾ ਹੋ ਜਾਂਦੇ ਹਨ।"

"ਪਾਪਾ ਜੀ, ਇਹ ਸੁਖਮਜੀਵ ਕੀ ਹੁੰਦੇ ਹਨ ?"

"ਪੁੱਤਰ, ਇਹ ਬਹੁਤ ਛੋਟੇ ਹੁੰਦੇ ਹਨ ਅਤੇ ਨੰਗੀ ਅੱਖ ਨਾਲ ਨਜ਼ਰ ਨਹੀਂ ਆਉਂਦੇ। ਪ੍ਰੰਤੂ ਇਹ ਕਈ ਬਿਮਾਰੀਆਂ ਪੈਦਾ ਕਰਦੇ ਹਨ।"

"ਮਾਮਾ ਜੀ, ਸਾਡੇ ਪਿੰਡ ਛੱਪੜ ਵਿੱਚ ਪਸ਼ੂ ਨਹਾਉਣ ਜਾਂ ਕਿਨਾਰੇ ਤੇ ਕੱਪੜੇ ਧੋਣ ਵਾਲੇ ਨੂੰ 500 ਰੁਪਏ ਜੁਰਮਾਨਾ ਹੈ।" ਮੇਰੀ ਭਾਣਜੀ ਨੇ ਦੱਸਿਆ।

"ਹਾਂ ਪੁੱਤਰ, ਅਸਲ ਵਿੱਚ ਤੁਹਾਡੇ ਪਿੰਡ ਦੇ ਛੱਪੜ ਵਿੱਚ ਪੰਚਾਇਤ ਨੇ ਮੱਛੀਆਂ ਦਾ ਪੂੰਗ ਛੱਡਿਆ ਹੈ। ਪਸ਼ੂਆਂ ਦੇ ਨਹਾਉਣ ਅਤੇ ਸਾਬਣ/ਸਰਫ ਵਾਲੇ ਪਾਣੀ ਨਾਲ ਛੋਟੀਆਂ-ਛੋਟੀਆਂ ਮੱਛੀਆਂ ਮਰ ਜਾਂਦੀਆਂ ਹਨ।

ਕਿਰਿਆ 1 : ਅਧਿਆਪਕ ਵਿਦਿਆਰਥੀਆਂ ਨੂੰ ਪਾਣੀ ਦੇ ਵੱਖ-ਵੱਖ ਸੋਮਿਆਂ ਜਿਵੇਂ ਨਲਕਾ, ਛੱਪੜ, ਸੂਆ, ਟੂਟੀ ਆਦਿ ਤੋਂ ਲਿਆਂਦੇ ਪਾਣੀ ਦੇ ਨਮੂਨੇ ਦਿਖਾਵੇ।

1. ਵਿਦਿਆਰਥੀਆਂ ਨੂੰ ਕਿਹਾ ਜਾਵੇ ਕਿ ਸਾਫ ਦਿਖਾਈ ਦਿੰਦੇ ਪਾਣੀ ਦੇ ਨਮੂਨੇ ਵੱਖ ਕਰ ਲੈਣ।
2. ਅਧਿਆਪਕ ਵਿਦਿਆਰਥੀਆਂ ਨੂੰ ਸਪੱਸ਼ਟ ਕਰੇ ਕਿ ਜਰੂਰੀ ਨਹੀਂ ਕਿ ਸਾਫ ਦਿਖਦਾ ਪਾਣੀ ਪੀਣ ਯੋਗ ਹੈ। ਅਧਿਆਪਕ ਇੱਥੇ ਪਾਣੀ ਵਿੱਚ ਘੁਲੇ ਲੂਣਾਂ ਬਾਰੇ ਸੰਖੇਪ ਵਿੱਚ ਦੱਸ ਦੇਵੇ।
3. ਬਹੁਤ ਗੰਦੇ ਦਿਖਦੇ ਪਾਣੀ ਵਿਚਲੇ ਹਾਨੀਕਾਰਕ ਸੂਖਮਜੀਵਾਂ ਬਾਰੇ ਵੀ ਸੰਖੇਪ ਵਿੱਚ ਦੱਸਿਆ ਜਾਵੇ।

ਪ੍ਰਸ਼ਨ 1. ਕੀ ਤੁਸੀਂ ਛੱਪੜ ਦੇ ਪਾਣੀ ਦੀ ਵਰਤੋਂ ਨਹਾਉਣ ਜਾਂ ਪੀਣ ਲਈ ਕਰਨਾ ਚਾਹੋਗੇ ? ਜੇ ਨਹੀਂ ਤਾਂ ਕਿਉਂ ?

ਪ੍ਰਸ਼ਨ 2. ਆਪਣੇ ਬਜ਼ੁਰਗਾਂ ਤੋਂ ਪੁੱਛੋਂ ਉਹ ਆਪਣੇ ਬਚਪਨ ਵਿੱਚ ਪੀਣ ਵਾਲਾ ਪਾਣੀ ਕਿੱਥੋਂ ਲਿਆਉਂਦੇ ਸਨ।

ਪ੍ਰਸ਼ਨ 3. ਆਪਣੇ ਅਧਿਆਪਕ ਨਾਲ ਵਿਚਾਰ ਵਟਾਂਦਰਾ ਕਰੋ ਕਿ ਧਰਤੀ ਹੇਠਲਾ ਪਾਣੀ ਪੀਣ ਯੋਗ ਕਿਉਂ ਨਹੀਂ ਰਿਹਾ ? ਉਸਦੇ ਦੋ ਕਾਰਨ ਲਿਖੋ।

## ਅਗਲੀ ਸਵੇਰ

ਅੱਜ ਫਿਰ ਪਾਣੀ ਹਲਕੇ ਕਾਲੇ ਰੰਗ ਦਾ ਹੀ ਆ ਰਿਹਾ ਸੀ। ਅਸੀਂ ਤਿੰਨ ਚਾਰ ਵਿਆਕਤੀ ਇਸ ਕਾਲੇ ਪਾਣੀ ਦਾ ਕਾਰਨ ਲੱਭਣ ਲਈ ਕੋਸ਼ਿਸ਼ ਕਰਨ ਲੱਗੇ। ਲੱਭਦੇ ਲਭਾਉਂਦੇ ਸਕੂਲ ਦੇ ਕੋਲ ਕਾਰਨ ਲੱਭ ਗਿਆ। ਇੱਥੋਂ ਪਾਣੀ ਵਾਲੀ ਪਾਈਪ ਦੋ ਭਾਗਾਂ ਵਿੱਚ ਵੰਡੀ ਜਾਂਦੀ ਹੈ। ਇੱਕ ਪਾਈਪ ਇੱਥੋਂ ਸਾਡੇ ਘਰਾਂ ਵੱਲ ਅਤੇ ਦੂਸਰੀ ਸਕੂਲ ਦੇ ਲਾਗਲੇ ਘਰਾਂ ਵੱਲ ਪਾਣੀ ਪਹੁੰਚਾਉਂਦੀ ਹੈ। ਜਿਹੜੀ ਪਾਈਪ ਸਾਡੇ ਘਰਾਂ ਨੂੰ ਪਾਣੀ ਲੈ ਕੇ ਜਾਂਦੀ ਹੈ ਉਹ ਥੋੜੀ ਫਟ ਚੁੱਕੀ ਸੀ। ਬਾਹਰਵਾਰ ਪਾਈਪ ਉਪਰ ਰੂੜ੍ਹੀ ਲੱਗੀ ਹੋਈ ਸੀ। ਬਹੁਤ ਬਾਰਿਸ਼ਾਂ ਕਾਰਨ ਰੂੜ੍ਹੀ ਦੇ ਆਲੇ ਦੁਆਲੇ ਖੂਬ ਪਾਣੀ ਇਕੱਠਾ ਹੋ ਗਿਆ ਸੀ। ਇਹ ਪਾਣੀ ਰੂੜ੍ਹੀ ਦੇ ਕੂੜਾ ਕਰਕਟ ਨਾਲ ਪੂਰੀ ਤਰ੍ਹਾਂ ਗੰਦਾ ਹੋ ਚੁੱਕਾ ਸੀ। ਫਟੀ ਹੋਈ ਪਾਈਪ ਰਾਹੀਂ ਇਹ ਪਾਣੀ ਸਾਫ ਪਾਣੀ ਵਿੱਚ ਰਲਕੇ ਸਾਡੇ ਘਰਾਂ ਤੱਕ ਪਹੁੰਚ ਰਿਹਾ ਸੀ। ਉਥੇ ਸਾਡੇ ਪਿੰਡ ਦੇ ਪ੍ਰਾਇਮਰੀ ਸਕੂਲ ਦੇ ਮਾਸਟਰ ਜੀ ਮਿਲ ਗਏ। ਉਹ ਕੁੱਝ ਬੱਚਿਆਂ ਨੂੰ ਡਾਕਟਰ ਤੋਂ ਦਵਾਈ ਦਵਾ ਕੇ ਆਏ ਸਨ। ਮਾਸਟਰ ਜੀ ਨੇ ਦੱਸਿਆ ਕਿ ਕੱਲ੍ਹ ਇਹਨਾਂ ਬੱਚਿਆਂ ਨੇ ਗੰਦਾ ਪਾਣੀ ਪੀ ਲਿਆ ਜਿਸ ਨਾਲ ਇਨ੍ਹਾਂ ਨੂੰ ਦਸਤ ਲੱਗ ਗਏ ਹਨ।

ਮਾਸਟਰ ਜੀ ਨੂੰ ਅਸੀਂ ਰੂੜ੍ਹੀ ਵਾਲਾ ਪਾਣੀ ਪੀਣ ਵਾਲੇ ਪਾਣੀ ਵਿੱਚ ਰਲਣ ਬਾਰੇ ਦੱਸਿਆ।

"ਪਾਣੀ ਬਹੁਤ ਕੀਮਤੀ ਹੈ। ਸਾਨੂੰ ਇਸ ਨੂੰ ਪ੍ਰਦੂਸ਼ਿਤ (ਗੰਦਾ) ਹੋਣ ਤੋਂ ਬਚਾਉਣ ਲਈ ਰਲ ਮਿਲ ਕੇ ਯਤਨ ਕਰਨੇ ਚਾਹੀਦੇ ਹਨ।" ਮਾਸਟਰ ਜੀ ਨੇ ਕਿਹਾ।

"ਮਾਸਟਰ ਜੀ, ਪਾਣੀ ਪ੍ਰਦੂਸ਼ਿਤ ਹੋਣ ਦੇ ਕੀ ਕੀ ਕਾਰਨ ਹਨ ?" ਮੇਰੇ ਇੱਕ ਸਾਥੀ ਨੇ ਸਵਾਲ ਕੀਤਾ।

"ਤੁਸੀਂ ਕੱਲ੍ਹ ਨੂੰ ਅੱਧੀ ਛੁੱਟੀ ਤੋਂ ਬਾਅਦ ਸਕੂਲ ਆ ਜਾਉ। ਮੈਂ ਵਿਸਥਾਰ ਵਿੱਚ ਸਮਝਾ ਦੇਵਾਂਗਾ" ਮਾਸਟਰ ਜੀ ਨੇ ਜਵਾਬ ਦਿੱਤਾ।

ਸਕੂਲ ਵਿੱਚ

ਅੱਜ ਅੱਧੀ ਛੁੱਟੀ ਤੋਂ ਬਾਅਦ ਸਕੂਲ ਵਿੱਚ ਪਿੰਡ ਵਾਸੀਆਂ ਅਤੇ ਵਿਦਿਆਰਥੀਆਂ ਦਾ ਇਕੱਠ ਕੀਤਾ ਗਿਆ। ਮਾਸਟਰ ਜੀ ਨੇ ਪਾਣੀ ਪ੍ਰਦੂਸ਼ਿਤ ਹੋਣ ਦੇ ਕਾਰਨ, ਗੰਦੇ ਪਾਣੀ ਤੋਂ ਹੋਣ ਵਾਲੀਆਂ ਬਿਮਾਰੀਆਂ, ਪਾਣੀ ਦੀ ਸਾਂਭ ਸੰਭਾਲ ਬਾਰੇ ਵਿਸਥਾਰ ਵਿੱਚ ਦੱਸਿਆ।

### ਪਾਣੀ ਗੰਦਾ ਹੋਣ ਦੇ ਕਾਰਨ

1. ਜਲ ਭੰਡਾਰਾਂ ਦੁਆਲੇ ਥਾਂ ਥਾਂ ਲੱਗੇ ਕੂੜੇ ਦੇ ਢੇਰਾਂ ਵਿੱਚੋਂ ਗੰਦਗੀ ਰਿਸ ਰਿਸ ਕੇ ਪਾਣੀ ਨੂੰ ਪ੍ਰਦੂਸ਼ਿਤ ਕਰ ਰਹੀ ਹੈ।
2. ਫਸਲਾਂ ਵਿੱਚ ਪਾਈਆਂ ਜਾਂਦੀਆਂ ਰਸਾਇਣਿਕ ਖਾਦਾਂ ਅਤੇ ਕੀੜੇਮਾਰ ਜ਼ਹਿਰੀਲੀਆਂ ਦਵਾਈਆਂ ਦੇ ਛਿੜਕਾਅ ਨਾਲ ਵੀ ਪਾਣੀ ਗੰਦਾ ਹੁੰਦਾ ਹੈ।
3. ਕਾਰਖਾਨਿਆਂ ਦਾ ਜ਼ਹਿਰੀਲਾ ਪਾਣੀ ਵੀ ਸਾਡੀਆਂ ਨਦੀਆਂ ਦਰਿਆਵਾਂ ਦੇ ਪਾਣੀ ਨੂੰ ਗੰਦਾ ਕਰ ਰਿਹਾ ਹੈ।
4. ਸੀਵਰੇਜ਼ ਪਾਈਪਾਂ ਦਾ ਰਿਸਾਓ ਵੀ ਸਤਹੀ ਪਾਣੀ ਨੂੰ ਦੂਸ਼ਿਤ ਕਰਦਾ ਹੈ ਅਤੇ ਧਰਤੀ ਹੇਠਲੇ ਪਾਣੀ ਨੂੰ ਗੰਦਾ ਕਰ ਰਿਹਾ ਹੈ।
5. ਨਦੀਆਂ ਦੁਆਲੇ ਲੱਗਦੇ ਮੇਲਿਆਂ ਅਤੇ ਹੋਰ ਸਮਾਰੋਹਾਂ ਦੌਰਾਨ ਲੋਕ ਖਾਣ ਪੀਣ ਦੀਆਂ ਬਚੀਆਂ ਵਸਤਾਂ, ਪਾਲੀਥੀਨ, ਲਿਫਾਫੇ ਆਦਿ ਪਾਣੀ ਵਿੱਚ ਸੁੱਟ ਦਿੰਦੇ ਹਨ। ਇਸ ਨਾਲ ਪਾਣੀ ਗੰਦਾ ਹੋ ਜਾਂਦਾ ਹੈ।

ਹੇਠ ਦਿੱਤੇ ਚਿੱਤਰ 18.1 ਨੂੰ ਧਿਆਨ ਨਾਲ ਦੇਖੋ ਅਤੇ ਲਿਖੋ ਕਿ ਕਿਹੜੇ-ਕਿਹੜੇ ਕਾਰਨਾਂ ਕਰਕੇ ਪਾਣੀ ਪ੍ਰਦੂਸ਼ਿਤ ਹੋ ਰਿਹਾ ਹੈ।



*ਚਿੱਤਰ 18.1 ਮਨੁੱਖੀ ਕਿਰਿਆਵਾਂ ਕਾਰਨ ਪ੍ਰਦੂਸ਼ਿਤ ਹੋ ਰਿਹਾ ਪਾਣੀ*

## ਗੰਦੇ ਪਾਣੀ ਦੀ ਵਰਤੋਂ ਕਾਰਨ ਹੋਣ ਵਾਲੀਆਂ ਬੀਮਾਰੀਆਂ

1. ਇਸ ਨਾਲ ਪੇਟ ਦੀਆਂ ਬੀਮਾਰੀਆਂ ਜਿਵੇਂ ਦਸਤ (ਪੇਚਿਸ) ਅਤੇ ਉਲਟੀਆਂ ਲੱਗ ਜਾਂਦੀਆਂ ਹਨ। ਸਾਡੇ ਦੇਸ਼ ਭਾਰਤ ਵਿੱਚ ਡਾਇਰੀਆ ਨਾਲ ਹਰ ਸਾਲ ਹਜ਼ਾਰਾਂ ਮੌਤਾਂ ਹੁੰਦੀਆਂ ਹਨ।
2. ਗੰਦਾ ਪਾਣੀ ਪੀਣ ਨਾਲ ਦੰਦਾਂ ਦੀਆਂ ਬੀਮਾਰੀਆਂ ਹੋ ਜਾਂਦੀਆਂ ਹਨ।
3. ਇਸ ਨਾਲ ਹੈਜ਼ਾ ਅਤੇ ਪੀਲੀਆ ਤੱਕ ਹੋ ਜਾਂਦਾ ਹੈ।
4. ਗੰਦੇ ਪਾਣੀ ਨਾਲ ਟਾਈਫਾਈਡ ਬੁਖਾਰ ਹੋ ਜਾਂਦਾ ਹੈ।
5. ਇਸ ਨਾਲ ਡਾਇਰੀਆ ਹੋ ਸਕਦਾ ਹੈ।
6. ਖੜ੍ਹੇ ਹੋਏ ਪਾਣੀ ਉੱਪਰ ਮੱਛਰ ਪੈਦਾ ਹੁੰਦਾ ਹੈ ਜਿਸ ਨਾਲ ਮਲੇਰੀਆ ਅਤੇ ਡੇਂਗੂ ਫੈਲ ਸਕਦਾ ਹੈ।

### ਪੇਚਿਸ (ਡਾਇਰੀਆ) ਦੀ ਸਥਿਤੀ ਵਿੱਚ ਮੁੱਢਲੀ ਸਹਾਇਤਾ

ਗੰਦੇ ਪਾਣੀ ਕਾਰਨ ਦਸਤ ਅਤੇ ਉਲਟੀਆਂ ਲੱਗ ਜਾਂਦੀਆਂ ਹਨ। ਇਸ ਕਾਰਨ ਸਾਡੇ ਸਰੀਰ ਵਿੱਚ ਪਾਣੀ ਦੀ ਮਾਤਰਾ ਘਟਣ ਲੱਗ ਜਾਂਦੀ ਹੈ। ਅਜਿਹੀ ਸਥਿਤੀ ਵਿੱਚ ਓ.ਆਰ.ਐਸ ਦਾ ਘੋਲ ਥੋੜ੍ਹਾ - ਥੋੜ੍ਹਾ ਕਰਕੇ ਪੀਂਦੇ ਰਹਿਣਾ ਚਾਹੀਦਾ ਹੈ। ਤੁਸੀ ਇਹ ਘੋਲ ਖੁਦ ਵੀ ਤਿਆਰ ਕਰ ਸਕਦੇ ਹੋ।

1. ਇੱਕ ਗਲਾਸ ਪਾਣੀ ਉਬਾਲੋ ਅਤੇ ਠੰਢਾ ਹੋਣ ਦਿਓ।
2. ਇਸ ਵਿੱਚ ਇੱਕ ਚਮਚ ਖੰਡ ਅਤੇ ਚੁਟਕੀ ਭਰ ਨਮਕ ਘੋਲ ਲਵੋ।
3. ਓ.ਆਰ.ਐਸ. (O.R.S) ਦਾ ਘੋਲ ਪੀਣ ਲਈ ਤਿਆਰ ਹੈ।

ਡਾਇਰੀਆ ਦੀ ਸਥਿਤੀ ਵਿੱਚ ਬਹੁਤ ਛੋਟੇ ਬੱਚਿਆਂ ਨੂੰ ਮਾਂ ਦਾ ਦੁੱਧ ਪਿਲਾਉਂਦੇ ਰਹਿਣਾ ਚਾਹੀਦਾ ਹੈ।
ਇਹ ਸਿਰਫ ਮੁੱਢਲੀ ਸਹਾਇਤਾ ਹੈ ਜਿੰਨੀ ਛੇਤੀ ਸੰਭਵ ਹੋਵੇ ਇਸ ਬਿਮਾਰੀ ਸਬੰਧੀ ਡਾਕਟਰ ਨੂੰ ਮਿਲੋ।

**ਹੰਗਾਮੀ ਹਾਲਤਾਂ ਵਿੱਚ ਪਾਣੀ ਸਾਫ ਕਰਨਾ-** ਕਈ ਵਾਰ ਕੁਦਰਤੀ ਕਰੋਪੀਆਂ ਜਿਵੇਂ ਹੜ੍ਹਾਂ ਆਦਿ ਕਾਰਨ ਪੀਣ ਯੋਗ ਪਾਣੀ ਦੀ ਪ੍ਰਾਪਤੀ ਅਸੰਭਵ ਹੋ ਜਾਂਦੀ ਹੈ। ਅਜਿਹੇ ਮੌਕੇ ਪਾਣੀ ਨੂੰ ਚੰਗੀ ਤਰ੍ਹਾਂ ਪੁਣ ਕੇ ਤੇ ਉਬਾਲ ਕੇ ਪੀਣਾ ਚਾਹੀਦਾ ਹੈ।

ਪ੍ਰਸ਼ਨ 4. ਤੁਹਾਡੇ ਖੇਤਰ ਵਿੱਚ ਪਾਣੀ ਗੰਦਾ ਜਾਂ ਪ੍ਰਦੂਸ਼ਿਤ ਹੋਣ ਦੇ ਤਿੰਨ ਕਾਰਨ ਦੱਸੋ ?

______________________________

______________________________

______________________________

ਪ੍ਰਸ਼ਨ 5. ਗੰਦੇ ਪਾਣੀ ਦੀ ਵਰਤੋਂ ਨਾਲ ਹੋਣ ਵਾਲੀਆਂ ਤਿੰਨ ਬੀਮਾਰੀਆਂ ਦੇ ਨਾਂ ਲਿਖੋ ?

______________________________

______________________________

______________________________

ਪ੍ਰਸ਼ਨ 6. ਤੁਸੀ ਓ.ਆਰ.ਐਸ ਦਾ ਘੋਲ ਕਿਵੇਂ ਤਿਆਰ ਕਰੋਗੇ ?

______________________________

______________________________

______________________________


______________________________

## ਜਲ ਭੰਡਾਰਾਂ ਦੀ ਸਾਂਭ ਸੰਭਾਲ

ਮਾਸਟਰ ਜੀ ਨੇ ਜਲ ਭੰਡਾਰਾਂ ਜਿਵੇਂ ਛੱਪੜਾਂ, ਨਦੀਆਂ, ਦਰਿਆਵਾਂ ਅਤੇ ਝੀਲਾਂ ਬਾਰੇ ਗੱਲ ਕਰਦੇ ਹੋਏ ਇਨ੍ਹਾਂ ਦੀ ਸਾਂਭ-ਸੰਭਾਲ ਕਰਨ ਲਈ ਕਈ ਗੱਲਾਂ ਦਾ ਧਿਆਨ ਰੱਖਣ ਬਾਰੇ ਦੱਸਿਆ ਜਿਵੇਂ -

1. ਜਲ ਭੰਡਾਰਾਂ ਵਿੱਚ ਪਸ਼ੂਆਂ ਦੇ ਵੜ੍ਹਨ ਦੀ ਮਨਾਹੀ ਹੋਣੀ ਚਾਹੀਦੀ ਹੈ।
2. ਜਲ ਭੰਡਾਰਾਂ ਦੇ ਕਿਨਾਰੇ ਕੱਪੜੇ ਨਹੀਂ ਧੋਣੇ ਚਾਹੀਦੇ।
3. ਜਲ ਭੰਡਾਰਾਂ ਵਿੱਚ ਕੂੜਾ-ਕਰਕਟ ਨਹੀਂ ਸੁੱਟਣਾ ਚਾਹੀਦਾ।
4. ਜਲ ਭੰਡਾਰਾਂ ਵਿੱਚ ਨਹਾਉਣਾ ਨਹੀਂ ਚਾਹੀਦਾ।
5. ਘਰਾਂ ਦਾ ਗੰਦਾ ਪਾਣੀ ਜਲ ਭੰਡਾਰਾਂ ਵਿੱਚ ਨਹੀਂ ਪਾਉਣਾ ਚਾਹੀਦਾ।

ਸ਼੍ਰੀ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਨਦੀ ਜਿਸ ਨੂੰ ਅਸੀਂ ਕਾਲੀ ਬੇਈਂ ਦੇ ਨਾਮ ਨਾਲ ਜਾਣਦੇ ਹਾਂ। ਇਹ ਨਦੀ ਕੂੜੇ ਕਰਕਟ ਅਤੇ ਸੀਵਰੇਜ ਦੇ ਗੰਦੇ ਪਾਣੀ ਨਾਲ ਪੂਰੀ ਤਰ੍ਹਾਂ ਪ੍ਰਦੂਸ਼ਿਤ ਹੋ ਚੁੱਕੀ ਸੀ। ਇਸ ਨੂੰ ਸਾਫ ਕਰਨ ਲਈ ਬਾਬਾ ਬਲਵੀਰ ਸਿੰਘ ਜੀ ਸੀਚੇਵਾਲ ਨੇ ਪਹਿਲ ਕੀਤੀ ਉਹਨਾਂ ਨੇ ਆਪਣੇ ਸ਼ਰਧਾਲੂਆਂ ਨਾਲ ਰਲ ਕੇ ਕਾਲੀ ਬੇਈਂ ਨਦੀ ਵਿੱਚੋਂ ਸਾਰੀ ਗੰਦਗੀ ਬਾਹਰ ਕੱਢ ਦਿੱਤੀ ਨਦੀ ਦੇ ਕਿਨਾਰੇ ਬਹੁਤ ਸਾਰੇ ਪੌਦੇ ਲਗਾ ਦਿੱਤੇ। ਹੁਣ ਇਸ ਨਦੀ ਦੀ ਸੁੰਦਰਤਾ ਦੇਖਣ ਯੋਗ ਹੈ।



*ਚਿੱਤਰ 18.2 ਬਾਬਾ ਬਲਵੀਰ ਸਿੰਘ ਜੀ ਸੀਚੇਵਾਲ*

ਪ੍ਰਸ਼ਨ 7. ਤੁਸੀਂ ਕਿਹੜੇ ਕਿਹੜੇ ਜਲ ਭੰਡਾਰ (ਜਲਸ੍ਰੋਤ) ਦੇਖੇ ਹਨ ?

______________________________________________

ਪ੍ਰਸ਼ਨ 8. ਤੁਸੀਂ ਆਪਣੇ ਆਲੇ-ਦੁਆਲੇ ਪ੍ਰਦੂਸ਼ਿਤ ਹੋ ਚੁੱਕੇ ਜਲ ਭੰਡਾਰ ਦੀ ਸਾਫ-ਸਫਾਈ ਲਈ ਕੀ ਕਰਨਾ ਚਾਹੋਗੇ ?

______________________________________________

______________________________________________

______________________________________________

______________________________________________

______________________________________________

ਪਾਠ - 19

# ਛੁੱਕ-ਛੁੱਕ ਰੇਲ

ਅੱਜ ਸਕੂਲ ਵਿੱਚ ਸਾਰੇ ਬਹੁਤ ਖ਼ੁਸ ਸਨ। ਸਵੇਰ ਦੀ ਸਭਾ ਵਿੱਚ ਮੁੱਖ-ਅਧਿਆਪਕ ਜੀ ਨੇ ਦੱਸਿਆ ਕਿ ਸਕੂਲ ਨੇ 'ਗਰੀਨ ਸਕੂਲ ਪ੍ਰੋਗਰਾਮ' ਮੁਕਾਬਲੇ ਵਿੱਚ ਭਾਗ ਲਿਆ ਸੀ ਅਤੇ ਚੰਗੀ ਕਾਰਗੁਜ਼ਾਰੀ ਕਰਕੇ ਸਕੂਲ ਨੂੰ ਸਨਮਾਨਤ ਕੀਤਾ ਜਾਣਾ ਹੈ। ਇਹ ਸਨਮਾਨ ਪ੍ਰਾਪਤ ਕਰਨ ਲਈ ਈਕੋ ਕਲੱਬ ਦੇ ਦੋ ਮੈਂਬਰ ਵਿਦਿਆਰਥੀ ਅਤੇ ਅਧਿਆਪਕ ਦਿੱਲੀ ਜਾਣਗੇ। ਇਹ ਸੁਣਦਿਆਂ ਸਾਰਿਆਂ ਵਿੱਚ ਖ਼ੁਸ਼ੀ ਦੀ ਲਹਿਰ ਦੌੜ ਗਈ।

ਪ੍ਰਸ਼ਨ 1. ਕੀ ਤੁਹਾਡੇ ਸਕੂਲ ਵਿੱਚ ਈਕੋ ਕਲੱਬ ਹੈ ?

________________________________________

ਪ੍ਰਸ਼ਨ 2. ਕੀ ਤੁਸੀਂ ਉਸਦੇ ਮੈਂਬਰ ਹੋ ?

________________________________________

ਪ੍ਰਸ਼ਨ 3. ਕੀ ਕਦੇ ਤੁਹਾਨੂੰ ਜਾਂ ਤੁਹਾਡੇ ਸਕੂਲ ਨੂੰ ਵੀ ਇਸ ਤਰ੍ਹਾਂ ਦਾ ਮੌਕਾ ਮਿਲਿਆ ਹੈ ?

________________________________________

ਪ੍ਰਸ਼ਨ 4. ਉਸ ਸਮੇਂ ਤੁਸੀਂ ਕੀ ਮਹਿਸੂਸ ਕੀਤਾ ?

________________________________________

ਈਕੋ-ਕਲੱਬ ਜੰਗਲਾਤ ਅਤੇ ਵਾਤਾਵਰਨ ਮੰਤਰਾਲਾ, ਭਾਰਤ ਸਰਕਾਰ ਦੀ ਯੋਜਨਾ ਹੈ। ਜਿਸ ਤਹਿਤ ਬੱਚਿਆਂ ਨੂੰ ਵਾਤਾਵਰਨ ਪ੍ਰਤੀ ਸੁਚੇਤ ਕਰਨ ਲਈ ਬਹੁਤ ਸਾਰੀਆਂ ਗਤੀਵਿਧੀਆਂ ਕੀਤੀਆਂ ਜਾਂਦੀਆਂ ਹਨ। ਹਰ ਜ਼ਿਲ੍ਹੇ ਦੇ 250 ਸਕੂਲਾਂ ਵਿਚ ਈਕੋ ਕਲੱਬ ਚੱਲਦੇ ਹਨ।

ਦਿੱਲੀ ਜਾਣ ਵਾਸਤੇ ਪ੍ਰਿਤਪਾਲ ਸਿੰਘ ਅਤੇ ਦੀਪਕ ਕੁਮਾਰ ਨੂੰ ਚੁਣਿਆ ਗਿਆ। ਉਹਨਾਂ ਲਈ ਦਿੱਲੀ ਜਾਣ ਦਾ ਇਹ ਪਹਿਲਾ ਮੌਕਾ ਸੀ। ਉਹ ਹੀ ਨਹੀਂ, ਉਹਨਾਂ ਦੀ ਜਮਾਤ ਦੇ ਬਹੁਤ ਸਾਰੇ ਵਿਦਿਆਰਥੀ ਦਿੱਲੀ ਨਹੀਂ ਗਏ ਸਨ। ਉਹਨਾਂ ਦੇ ਮਨ ਵਿੱਚ ਵੀ ਬਹੁਤ ਉਤਸੁਕਤਾ ਸੀ। ਇਸ ਦਾ ਹੱਲ ਉਹਨਾਂ ਦੇ ਅਧਿਆਪਕ ਜੀ ਨੇ ਇਹ ਦੱਸਿਆ ਕਿ ਪ੍ਰਿਤਪਾਲ ਅਤੇ ਦੀਪਕ ਆਪਣੇ ਨਾਲ ਇੱਕ ਡਾਇਰੀ ਲੈ ਕੇ ਜਾਣਗੇ ਅਤੇ ਸਾਰਾ ਕੁੱਝ ਨੋਟ ਕਰਨਗੇ ਅਤੇ ਵਾਪਸ ਆ ਕੇ ਆਪਣੇ ਸਥੀਆਂ ਨਾਲ ਸਾਰੀਆਂ ਗੱਲਾਂ ਸਾਂਝੀਆਂ ਕਰਨਗੇ।

ਅਗਲੇ ਦਿਨ ਉਹ ਤਿਆਰ ਹੋ ਕੇ ਮਿੰਨੀ ਬਸ ਵਿੱਚ ਬੈਠ ਕੇ ਆਪਣੇ ਪਿੰਡ ਮਚਾਕੀ ਮੱਲ ਸਿੰਘ ਤੋਂ ਫ਼ਰੀਦਕੋਟ ਦੇ ਬਸ ਅੱਡੇ ਪਹੁੰਚ ਗਏ। ਹੁਣ ਇੱਥੋਂ ਰੇਲਵੇ ਸਟੇਸ਼ਨ ਜਾਣਾ ਸੀ। ਉਹ ਰਿਕਸ਼ਾ ਵਿੱਚ ਬੈਠ ਕੇ ਰੇਲਵੇ ਸਟੇਸ਼ਨ ਪਹੁੰਚ ਗਏ। ਉਹਨਾਂ ਦੋਵਾਂ ਨੇ ਹੀ ਰੇਲਵੇ ਸਟੇਸ਼ਨ ਪਹਿਲੀ ਵਾਰ ਦੇਖਿਆ ਸੀ।

ਕੀ ਤੁਸੀਂ ਰੇਲਵੇ ਸਟੇਸ਼ਨ ਅਤੇ ਬਸ ਅੱਡੇ ਗਏ ਹੋ ? ਤੁਹਾਨੂੰ ਦੋਹਾਂ ਥਾਂਵਾਂ ਵਿਚ ਕੀ ਫ਼ਰਕ ਲੱਗਿਆ ?

ਅਧਿਆਪਕ ਨੇ ਰਿਜ਼ਰਵੇਸ਼ਨ ਚਾਰਟ ਵਿੱਚ ਤਿੰਨ੍ਹਾਂ ਦੇ ਨਾਂ ਦੇਖੇ। ਸਟੇਸ਼ਨ ਉੱਪਰ ਰੇਲ - ਗੱਡੀ ਦੇਖ ਕੇ ਦੀਪਕ ਨੇ ਕਿਹਾ, "ਸਰ, ਆਓ ਚੱਲੀਏ। ਗੱਡੀ ਕਿਤੇ ਚਲੀ ਹੀ ਨਾ ਜਾਵੇ।" ਸਰ ਬੋਲੇ, "ਨਹੀਂ ਬੇਟਾ, ਜਿਵੇਂ ਆਪਣੇ ਸਕੂਲ ਦਾ

ਟਾਈਮ ਟੇਬਲ ਹੈ, ਜਿਸ ਅਨੁਸਾਰ ਹਰ ਕੰਮ ਦਾ ਸਮਾਂ ਨਿਸ਼ਚਿਤ ਹੈ। ਉਸੇ ਤਰ੍ਹਾਂ ਰੇਲਵੇ ਦਾ ਵੀ ਆਪਣਾ ਟਾਈਮ ਟੇਬਲ ਹੈ। ਜਿਸ ਅਨੁਸਾਰ ਰੇਲ ਗੱਡੀਆਂ ਦੇ ਟਾਈਮ ਨਿਸ਼ਚਿਤ ਹਨ। ਉਹ ਦੇਖੋ ਟਾਈਮ ਟੇਬਲ। ਜਿਸ ਰੇਲ ਗੱਡੀ ਵਿਚ ਆਪਾਂ ਜਾਣਾ ਹੈ, ਉਹ ਅੱਧੇ ਘੰਟੇ ਤੱਕ ਇੱਥੇ ਪਹੁੰਚੇਗੀ।"




*ਚਿੱਤਰ 19.1 ਰੇਲਵੇ ਟਾਈਮ ਟੇਬਲ ਦਾ ਨਮੂਨਾ*

ਕਾਫ਼ੀ ਭੀੜ ਹੋ ਗਈ ਸੀ। ਕੁੱਝ ਸਮੇਂ ਵਿੱਚ ਹੀ ਰੇਲ ਗੱਡੀ ਦੇ ਆਉਣ ਦਾ ਰੌਲਾ ਪੈ ਗਿਆ। ਸਾਰਿਆਂ ਨੇ ਆਪੋ-ਆਪਣਾ ਸਾਮਾਨ ਚੁੱਕ ਲਿਆ। ਰੇਲ ਗੱਡੀ ਰੁਕੀ ਤਾਂ ਉਹ ਤਿੰਨੇ ਭੀੜ ਵਿੱਚੋਂ ਹੁੰਦੇ ਹੋਏ ਅੰਦਰ ਚਲੇ ਗਏ। ਅਧਿਆਪਕ ਨੇ ਜੇਬ ਵਿੱਚੋਂ ਟਿਕਟ ਕੱਢ ਕੇ ਸੀਟਾਂ ਦੇ ਨੰਬਰ ਚੈੱਕ ਕੀਤੇ। ਪ੍ਰਿਤਪਾਲ ਨੂੰ ਸਭ ਤੋਂ ਉਪਰਲੀ, ਦੀਪਕ ਨੂੰ ਵਿਚਕਾਰਲੀ ਅਤੇ ਅਧਿਆਪਕ ਨੂੰ ਸਭ ਤੋਂ ਹੇਠਲੀ ਸੀਟ ਮਿਲੀ ਸੀ। ਉਹਨਾਂ ਨੇ ਆਪਣੇ ਬੈਗ ਸੀਟ ਦੇ ਥੱਲੇ ਰੱਖ ਦਿੱਤੇ। ਦੀਪਕ ਹੈਰਾਨ ਹੋ ਰਿਹਾ ਸੀ ਕਿ ਇੱਕੋ ਟਿਕਟ ਨਾਲ਼ ਉਹ ਸਾਰੇ ਕਿਵੇਂ ਜਾਣਗੇ ? ਸਰ ਨੇ ਮੁਸਕਰਾਉਂਦੇ ਹੋਏ ਟਿਕਟ ਦਿਖਾ ਕੇ ਉਸਦੀ ਚਿੰਤਾ ਦੂਰ ਕਰ ਦਿੱਤੀ।

**ਅਧਿਆਪਕ ਲਈ** ਇਕ ਰੇਲ ਟਿਕਟ ਲਵੋ ਅਤੇ ਉਸ ਵਿੱਚੋਂ ਹੇਠ ਲਿਖੀ ਜਾਣਕਾਰੀ ਪਤਾ ਕਰਨ ਵਿੱਚ ਵਿਦਿਆਰਥੀਆਂ ਦੀ ਸਹਾਇਤਾ ਕਰੋ।

1. ਉਮਰ ____________________
2. ਕਿਰਾਇਆ ____________________
3. ਸਫ਼ਰ ਕਰਨ ਦੀ ਮਿਤੀ ____________________
4. ਟਿਕਟ ਕਿੰਨੇ ਲੋਕਾਂ ਲਈ ਹੈ। ____________________
5. ਸੀਟ ਨੰਬਰ ____________________

ਉਹ ਦੋਵੇਂ ਰੇਲ ਗੱਡੀ ਵਿੱਚ ਖਿੜਕੀ ਕੋਲ ਬੈਠੇ ਸਨ। ਰੇਲ ਗੱਡੀ ਚੱਲ ਪਈ ਸੀ। ਅਚਾਨਕ ਪ੍ਰਿਤਪਾਲ ਨੂੰ

ਆਪਣੇ ਅਧਿਆਪਕ ਦੀ ਡਾਇਰੀ ਲਿਖਣ ਵਾਲੀ ਗੱਲ ਯਾਦ ਆ ਗਈ। ਉਸ ਨੇ ਆਪਣੀ ਡਾਇਰੀ ਕੱਢੀ ਅਤੇ ਲਿਖਣ ਲੱਗਾ। ਬਿਜਲੀ ਦੇ ਖੰਭੇ, ਦਰਖ਼ਤ ਅਤੇ ਇਮਾਰਤਾਂ ਪਿੱਛੇ ਵੱਲ ਨੂੰ ਜਾਂਦੇ ਨਜ਼ਰ ਆਉਂਦੇ ਹਨ। ਇਹਨਾਂ ਨੂੰ ਪਿੱਛੇ ਵੱਲ ਜਾਂਦਿਆਂ ਲਗਾਤਾਰ ਦੇਖਣਾ ਔਖਾ ਹੈ। ਦੀਪਕ ਬਾਹਰ ਦੂਰ ਦੂਰ ਤੱਕ ਨਜ਼ਰ ਆਉਂਦੀਆਂ ਫਸਲਾਂ ਅਤੇ ਦਰਖ਼ਤਾਂ ਨੂੰ ਬੜੀ ਰੀਝ ਨਾਲ ਦੇਖ ਰਿਹਾ ਹੈ। ਲੱਗਦਾ ਹੈ ਉਸਨੂੰ ਬਹੁਤ ਚੰਗੀਆਂ ਲਗ ਰਹੀਆਂ ਹਨ। ਹਾਂ, ਹਰਿਆਲੀ ਸਭ ਨੂੰ ਚੰਗੀ ਲਗਦੀ ਹੈ। ਇਸ ਤੋਂ ਬਿਨਾਂ ..... ਹੂੰ........... ਸੋਚ ਕੇ ਵੀ ਡਰ ਲੱਗਦਾ ਹੈ।

ਸੋਚੋ ਜੇਕਰ ਇਸ ਧਰਤੀ ਉੱਤੇ ਰੁੱਖ ਨਾ ਹੋਣ ਤਾਂ ਇਹ ਕਿਸ ਤਰ੍ਹਾਂ ਦੀ ਨਜ਼ਰ ਆਵੇਗੀ ?

ਇਹ ਗੱਡੀ ਕਿਉਂ ਰੁਕ ਗਈ ਹੈ ? ਬਾਹਰ ਏਨੀ ਉੱਚੀ ਕੌਣ ਬੋਲ ਰਿਹਾ ਹੈ ? ਅੱਛਾ ਸਟੇਸ਼ਨ ਹੈ। ਸਾਹਮਣੇ ਵੱਡੇ-ਵੱਡੇ ਅੱਖਰਾਂ ਵਿੱਚ ਬਠਿੰਡਾ ਜੰਕਸ਼ਨ ਲਿਖਿਆ ਹੈ। ਇਸ ਸ਼ਹਿਰ ਦਾ ਨਾਂ ਬਠਿੰਡਾ ਤਾਂ ਬਹੁਤ ਵਾਰੀ ਸੁਣਿਆ ਹੈ ਪਰ ਇਹ ਜੰਕਸ਼ਨ ਕੀ ਹੋਇਆ ? ਹਾਂ, ਸਰ ਨੂੰ ਜ਼ਰੂਰ ਪਤਾ ਹੋਵੇਗਾ। ਰੋਟੀ ਖਾ ਕੇ ਪੁੱਛਾਂਗਾ, ਬੜੀ ਭੁੱਖ ਲੱਗੀ ਹੈ।

ਅਧਿਆਪਕ ਲਈ : ਅਧਿਆਪਕ ਬੱਚਿਆਂ ਨੂੰ ਰੇਲਵੇ ਜੰਕਸ਼ਨ ਦਾ ਅਰਥ ਦੱਸੇ।

ਇਹ ਰੋਟੀ, ਪੂੜੀਆਂ-ਛੋਲੇ ਅਤੇ ਚਾਹ ਵੇਚਣ ਵਾਲੇ ਹਰ ਥਾਂ ਏਨੀ ਜ਼ੋਰ ਦੀ ਬੋਲਦੇ ਹਨ ? ਬਸ ਅੱਡੇ 'ਤੇ ਵੀ ਇੰਜ ਹੀ ਰੌਲਾ ਪਾ ਰਹੇ ਸਨ। ਬਾਹਰ ਬਹੁਤ ਕੁੱਝ ਖਾਣ ਨੂੰ ਮਿਲ ਰਿਹਾ ਹੈ ਪਰ ਮੰਮੀ ਦਾ ਕਹਿਣਾ ਸੀ ਪਤਾ ਨਹੀਂ ਸਟੇਸ਼ਨ ਦਾ ਖਾਣਾ ਕਿਹੋ ਜਿਹਾ ਹੋਵੇਗਾ ? ਇਸ ਲਈ ਉਸ ਨੇ ਪਰੌਂਠੇ ਅਤੇ ਪਨੀਰ ਦੀ ਭੁਰਜੀ ਪਾ ਦਿੱਤੀ। ਸਰ ਸਰ੍ਹੋਂ ਦਾ ਸਾਗ ਅਤੇ ਮੱਕੀ ਦੀ ਰੋਟੀ ਲੈ ਕੇ ਆਏ ਸਨ। ਅਸੀਂ ਸਭ ਨੇ ਰਲ ਮਿਲਕੇ ਖਾਧਾ, ਸਭ ਕੁੱਝ ਬਹੁਤ ਸੁਆਦ ਸੀ। ਇੰਨੀ ਦੇਰ ਵਿੱਚ ਚਾਹ ਵੇਚਣ ਵਾਲਾ ਆ ਗਿਆ। ਅਸੀਂ ਉਸ ਕੋਲੋਂ ਚਾਹ ਲੈ ਕੇ ਪੀਤੀ ਪਰ ਉਹ ਸੁਆਦ ਨਹੀਂ ਲੱਗੀ। ਸਾਡੇ ਸਾਹਮਣੇ ਵਾਲੀ ਸੀਟ ਉੱਪਰ ਬੈਠੇ ਅੰਕਲ ਬੜੇ ਮਜ਼ੇ ਨਾਲ ਚਾਹ ਪੀ ਰਹੇ ਹਨ। ਉਹ ਮੈਨੂੰ ਬਿਲਕੁਲ ਮੇਰੇ ਦਾਦਾ ਜੀ ਵਰਗੇ ਲਗ ਰਹੇ ਹਨ। ਉਹਨਾਂ ਦਾ ਪਹਿਰਾਵਾ ਮੇਰੇ ਦਾਦਾ ਜੀ ਵਰਗਾ ਹੀ ਹੈ। ਉਹਨਾਂ ਵਾਂਗ ਹੀ ਕੁੜਤਾ-ਚਾਦਰਾ, ਪੱਗ ਅਤੇ ਤਿੱਲੇਦਾਰ ਜੁੱਤੀ। ਕੁੱਝ ਲੋਕ ਤਾਸ਼ ਖੇਡ ਰਹੇ ਹਨ। ਆਵਾਜ਼ ਤੋਂ ਲਗਦਾ ਹੈ ਜਿਵੇਂ ਸਾਡੇ ਤੋਂ ਕੁੱਝ ਸੀਟਾਂ ਛੱਡ ਕੇ ਹੀ ਹੋਣ। ਉਹਨਾਂ ਦੀਆਂ ਗੱਲਾਂ ਮੇਰੇ ਤਾਂ ਕੁੱਝ ਸਮਝ ਨਹੀਂ ਆ ਰਹੀਆਂ। ਸਰ ਦੱਸਦੇ ਹਨ ਕਿ ਉਹ ਹਰਿਆਣਵੀ ਬੋਲ ਰਹੇ ਹਨ। ਹੁਣ ਅਸੀਂ ਹਰਿਆਣੇ ਵਿੱਚ ਹਾਂ। ਰੋਹਤਕ ਆਉਣ ਵਾਲਾ ਹੈ। ਦੀਪਕ ਲੂਡੋ ਲੈ ਕੇ ਆਇਆ ਹੈ। ਪਰ ਅਜੇ ਖੇਡਣ ਨੂੰ ਦਿਲ ਨਹੀਂ ਕਰਦਾ। ਮੈਨੂੰ ਨੀਂਦ ਆ ਰਹੀ ਹੈ। ਕੁੱਝ ਦੇਰ ਸੌਂ ਹੀ ਲੈਂਦਾ ਹਾਂ।

ਪ੍ਰਸ਼ਨ 5. ਸਟੇਸ਼ਨ ਉੱਪਰ ਖਾਣ-ਪੀਣ ਦਾ ਕੀ-ਕੀ ਸਾਮਾਨ ਵਿਕ ਰਿਹਾ ਸੀ ?

________________________________

ਪ੍ਰਸ਼ਨ 6. ਸਫ਼ਰ ਵਿਚ ਕਿਸ ਕਿਸਮ ਦਾ ਖਾਣਾ ਲੈ ਕੇ ਜਾਣਾ ਠੀਕ ਰਹਿੰਦਾ ਹੈ ? ਆਪਣੇ ਮੰਮੀ-ਪਾਪਾ ਨੂੰ ਪੁੱਛੋ।

________________________________

________________________________

ਪ੍ਰਸ਼ਨ 7. ਤੁਸੀਂ ਕਿਸੇ ਸਫ਼ਰ 'ਤੇ ਜਾਣਾ ਹੋਵੇ ਤਾਂ ਕਿਹੜੀਆਂ ਚੀਜ਼ਾਂ ਆਪਣੇ ਨਾਲ ਲਿਜਾਓਗੇ, ਇਕ ਸੂਚੀ ਬਣਾਓ ?

________________________________

________________________________

ਬਹੁਤ ਵਧੀਆ ਨੀਂਦ ਆਈ ਪਰ ਇਸ ਆਈਸਕਰੀਮ ਵੇਚਣ ਵਾਲੇ ਨੇ ਤਾਂ ਜਗਾ ਹੀ ਦਿੱਤਾ। ਸਾਡੇ ਆਲੇ-ਦੁਆਲੇ ਲਗਭਗ ਸਾਰੇ ਹੀ ਸੌਂ ਰਹੇ ਹਨ। ਸਰ ਹਾਲੇ ਵੀ ਕਿਤਾਬ ਪੜ੍ਹ ਰਹੇ ਹਨ। ਲਗਦਾ ਉਹ ਸੁੱਤੇ ਨਹੀਂ। ਗੱਡੀ ਦੀ ਛੁੱਕ-ਛੁੱਕ ਵੀ ਕਿੰਨੀ ਚੰਗੀ ਲਗਦੀ ਹੈ। ਪਰ ਗੱਡੀ ਜਦੋਂ ਦਰਿਆ ਦੇ ਪੁਲ ਉੱਪਰੋਂ ਲੰਘੀ ਤਾਂ ਆਵਾਜ਼ ਬਹੁਤ ਬਦਲ ਗਈ ਸੀ। ਕੁੱਝ-ਕੁੱਝ ਡਰਾਉਣੀ ਜਿਹੀ ਵੀ ਲਗਦੀ ਸੀ। ਹਾਂ, ਮੈਂ ਇੱਕ ਹੋਰ ਗੱਲ ਦੇਖੀ ਜਦੋਂ ਗੱਡੀ ਪੁਲ ਉੱਪਰੋਂ ਲੰਘ ਰਹੀ ਸੀ ਤਾਂ ਕੁੱਝ ਲੋਕ ਦਰਿਆ ਵਿੱਚ ਸਿੱਕੇ ਸੁੱਟ ਰਹੇ ਸਨ।

ਰੌਲ਼ੇ ਤੋਂ ਲਗਦਾ ਹੈ ਜਿਵੇਂ ਸਟੇਸ਼ਨ ਨੇੜੇ ਹੋਵੇ। ਬਹੁਤ ਸਾਰੀਆਂ ਸਵਾਰੀਆਂ ਨੇ ਆਪਣਾ ਸਮਾਨ ਸੰਭਾਲਣਾ ਸ਼ੁਰੂ ਕਰ ਦਿੱਤਾ ਹੈ। ਇੱਥੇ ਬਸ ਵਾਂਗ ਕੋਈ ਆਵਾਜ਼ ਨਹੀਂ ਦਿੰਦਾ ਕਿ ਕਿਹੜਾ ਸ਼ਹਿਰ ਆ ਗਿਆ ਹੈ। ਸ਼ਾਇਦ ਸਵਾਰੀਆਂ ਨੂੰ ਆਪ ਧਿਆਨ ਰੱਖਣਾ ਪੈਂਦਾ ਹੈ। ਸਰ ਕਹਿ ਰਹੇ ਹਨ ਕਿ ਦਿੱਲੀ ਦਾ ਸਟੇਸ਼ਨ ਆਉਣ ਵਾਲਾ ਹੈ। ਸਾਨੂੰ ਵੀ ਆਪਣੇ ਬੈਗ ਸੰਭਾਲ ਲੈਣੇ ਚਾਹੀਦੇ ਹਨ। ਬਾਕੀ ਦੀ ਡਾਇਰੀ ਮੈਂ ਦਿੱਲੀ ਪਹੁੰਚ ਕੇ ਲਿਖਾਂਗਾ।

ਦਿੱਲੀ ਦਾ ਸਟੇਸ਼ਨ ਤਾਂ ਸਾਡੇ ਸ਼ਹਿਰ ਦੇ ਸਟੇਸ਼ਨ ਨਾਲੋਂ ਬਹੁਤ ਵੱਡਾ ਸੀ। ਬਹੁਤ ਹੀ ਜ਼ਿਆਦਾ ਲੋਕ ਸਨ। ਪਤਾ ਨਹੀਂ ਲਗ ਰਿਹਾ ਸੀ ਕਿ ਰੇਲ ਗੱਡੀ ਵਿੱਚੋਂ ਉਤਰਨ ਵਾਲੇ ਜ਼ਿਆਦਾ ਹਨ ਜਾਂ ਚੜ੍ਹਨ ਵਾਲੇ। ਗੇਟ ਕੋਲ ਖੜੇ ਇਕ ਆਦਮੀ ਨੇ ਸਾਡੀਆਂ ਟਿਕਟਾਂ ਚੈੱਕ ਕੀਤੀਆਂ। ਪਰ ਟਿਕਟਾਂ ਤਾਂ ਗੱਡੀ ਵਿੱਚ ਵੀ ਟਿਕਟ ਚੈਕਰ ਨੇ ਚੈੱਕ ਕੀਤੀਆਂ ਸਨ। ਬੜੀ ਮੁਸ਼ਕਿਲ ਨਾਲ ਅਸੀਂ ਉੱਥੋਂ ਬਾਹਰ ਨਿਕਲੇ। ਹੁਣ ਅਸੀਂ ਹੋਸਟਲ ਜਾਣਾ ਸੀ। ਉੱਥੋਂ ਅਸੀਂ ਆਟੋ -ਰਿਕਸ਼ਾ ਵਿਚ ਬੈਠੇ ਅਤੇ ਹੋਸਟਲ ਪਹੁੰਚ ਗਏ। ਆਟੋ-ਰਿਕਸ਼ਾ ਵਾਲੇ ਨੇ ਸਾਥੋਂ ਕਿਰਾਇਆ ਮੀਟਰ ਪੜ੍ਹ ਕੇ ਲਿਆ। ਦੀਪਕ ਨੇ ਮੀਟਰ ਤੋਂ ਪੜ੍ਹਨ ਦੀ ਕੋਸ਼ਿਸ਼ ਕੀਤੀ ਪਰ ਕੁੱਝ ਸਮਝ ਨਹੀਂ ਆਇਆ। ਸਾਡਾ ਕਿਰਾਇਆ ਨੱਬੇ ਰੁਪਏ ਬਣਿਆ। ਦੀਪਕ ਨੇ ਆਟੋ ਵਾਲੇ ਨੂੰ ਸੌ ਰੁਪਏ ਦਾ ਨੋਟ ਦਿੱਤਾ ਤਾਂ ਉਸ ਨੇ ਦਸ ਰੁਪਏ ਦਾ ਸਿੱਕਾ ਵਾਪਸ ਕਰ ਦਿੱਤਾ। ਸਿੱਕਾ ਦੇਖ ਕੇ ਦੀਪਕ ਕੁੱਝ ਪਰੇਸ਼ਾਨ ਜਿਹਾ ਹੋ ਗਿਆ ਉਹ ਬੋਲਿਆ, "ਸਰ ਇਹ ਤਾਂ ਨਕਲੀ ਹੈ। ਦਸ ਰੁਪਏ ਤਾਂ ਕਾਗਜ਼ ਵਾਲੇ ਹੁੰਦੇ ਹਨ।" ਸਰ ਨੇ ਹੱਸਦਿਆਂ ਕਿਹਾ, "ਨਹੀਂ ਦੀਪਕ, ਇਹ ਅਸਲੀ ਹੈ। ਦਸ ਰੁਪਏ ਦਾ ਨੋਟ ਵੀ ਹੁੰਦਾ ਹੈ ਅਤੇ ਸਿੱਕਾ ਵੀ। ਬਾਕੀ ਤੈਨੂੰ ਹੋਸਟਲ ਚੱਲ ਕੇ ਸਮਝਾਵਾਂਗਾ।"

ਹੋਸਟਲ ਪਹੁੰਚ ਕੇ ਬਹੁਤ ਵਧੀਆ ਲੱਗ ਰਿਹਾ ਹੈ। ਇੱਥੇ ਹੋਰ ਵੀ ਬਹੁਤ ਸਾਰੇ ਬੱਚੇ ਹਨ। ਜਿਹੜੇ ਦੂਰ-ਦੂਰ ਤੋਂ ਇਸ ਪ੍ਰੋਗਰਾਮ ਵਿੱਚ ਭਾਗ ਲੈਣ ਆਏ ਹਨ। ਅਬਦੁਲ ਸ਼ਿਮਲਾ ਤੋਂ ਆਇਆ ਹੈ। ਐਲਿਸ ਗੋਆ ਤੋਂ ਆਈ ਹੈ। ਇਹ ਸਭ ਸਾਡੇ ਦੋਸਤ ਬਣ ਗਏ ਹਨ। ਪਹਿਲਾਂ ਤਾਂ ਇਕ ਦੂਸਰੇ ਦੀ ਗੱਲ ਬੜੀ ਮੁਸ਼ਕਿਲ ਨਾਲ ਸਮਝ ਆਉਂਦੀ ਸੀ ਪਰ ਹੁਣ ਅਸੀਂ ਬਹੁਤ ਸਾਰੀਆਂ ਗੱਲਾਂ ਸਮਝ ਸਕਦੇ ਹਾਂ। ਮੈਂ ਇਹਨਾਂ ਨੂੰ ਆਪਣੀ ਸਫ਼ਰ ਵਾਲੀ ਡਾਇਰੀ ਪੜ੍ਹ ਕੇ ਸੁਣਾਈ। ਸਾਰਿਆਂ ਨੂੰ ਬਹੁਤ ਪਸੰਦ ਆਈ।

ਪ੍ਰਿਤਪਾਲ ਦੁਆਰਾ ਡਾਇਰੀ ਵਿੱਚ ਲਿਖਿਆ ਸਫ਼ਰ ਦਾ ਹਾਲ ਤੁਹਾਨੂੰ ਕਿਹੋ ਜਿਹਾ ਲੱਗਿਆ ? ਹੁਣ ਜਦੋਂ ਤੁਸੀਂ ਛੁੱਟੀਆਂ ਵਿਚ ਕਿਧਰੇ ਜਾਓਗੇ ਤਾਂ ਤੁਸੀਂ ਵੀ ਡਾਇਰੀ ਜ਼ਰੂਰ ਲਿਖਣਾ।

ਡਾਇਰੀ ਸੁਣ ਕੇ ਅਬਦੁਲ ਬੋਲਿਆ, "ਆਏ ਤਾਂ ਅਸੀਂ ਵੀ ਰੇਲ ਗੱਡੀ ਵਿੱਚ ਹਾਂ ਪਰ ਸਾਡੇ ਰਸਤੇ ਵਿੱਚ ਤਾਂ ਸ਼ਿਮਲਾ ਤੋਂ ਕਾਲਕਾ ਤੱਕ ਕਈ ਸੁਰੰਗਾਂ ਆਈਆਂ ਸਨ। ਉਹਨਾਂ ਵਿਚੋਂ ਕੁੱਝ ਤਾਂ ਬਹੁਤ ਲੰਬੀਆਂ ਸੀ। ਜਦੋਂ ਵੀ ਰੇਲ ਗੱਡੀ ਸੁਰੰਗ ਵਿਚੋਂ ਲੰਘਦੀ ਸੀ, ਕੁੱਝ ਸਮੇਂ ਲਈ ਬਿਲਕੁਲ ਹਨੇਰਾ ਹੋ ਜਾਂਦਾ ਸੀ। ਸ਼ੁਕਰ ਹੈ ਰੇਲ ਗੱਡੀ ਅੰਦਰਲੀਆਂ ਬੱਤੀਆਂ ਜਗ ਪੈਂਦੀਆਂ ਸਨ। ਖਿੜਕੀ ਵਿਚੋਂ ਇਕ ਪਾਸੇ ਦੇਖਿਆਂ ਉੱਚੇ-ਉੱਚੇ ਪਹਾੜ ਦਿਖਾਈ ਦਿੰਦੇ ਸਨ ਪਰ ਦੂਜੇ ਪਾਸੇ ਬਹੁਤ ਡੂੰਘੀਆਂ ਖੱਡਾਂ। ਜਿਸ ਰੇਲ ਗੱਡੀ ਵਿੱਚ ਅਸੀਂ ਆਏ ਸੀ, ਉਸ ਦਾ ਨਾਂ 'ਹਿਮਾਲਿਅਨ ਕੁਈਨ' ਹੈ ਪਰ ਮੇਰੇ ਪਾਪਾ ਉਸਨੂੰ ਟੋਆਏ ਟਰੇਨ ਕਹਿੰਦੇ ਹਨ। ਲਉ ਮੈਂ ਤੁਹਾਨੂੰ ਉਸ ਦੀ ਤਸਵੀਰ ਦਿਖਾਵਾਂ।"



ਚਿੱਤਰ 19.2 ਟੌਆਏ ਟਰੇਨ

ਤਸਵੀਰ ਦੇਖਦਿਆਂ ਐਲਿਸ ਇਕਦਮ ਬੋਲੀ, "ਇਸ ਦੇ ਡੱਬੇ ਕਿੰਨੇ ਛੋਟੇ ਹਨ। ਬਿਲਕੁਲ ਖਿਡਾਉਣੇ। ਇਹਨਾਂ ਨੂੰ ਦੇਖਕੇ ਤਾਂ ਮੈਨੂੰ ਫੈਰੀ (ਕਿਸ਼ਤੀ) ਦਾ ਸਫਰ ਯਾਦ ਆ ਗਿਆ। ਆਓ ਮੈਂ ਤੁਹਾਨੂੰ ਆਪਣੀ ਡਾਇਰੀ ਦੇ ਕੁੱਝ ਪੰਨੇ ਸੁਣਾਵਾਂ। ਅਸੀਂ ਜਦੋਂ ਆਪਣੇ ਮਾਮਾ ਜੀ ਨੂੰ ਮਿਲਣ ਜਾਂਦੇ ਹਾਂ ਤਾਂ ਕਿਸ਼ਤੀ ਵਿਚ ਜਾਂਦੇ ਹਾਂ ਜਿਸ ਨੂੰ ਫੈਰੀ ਕਹਿੰਦੇ ਹਨ। ਇਸ ਵਿਚ ਕਾਫੀ ਲੋਕ ਬੈਠ ਸਕਦੇ ਹਨ। ਸਟੇਸ਼ਨ ਪਹੁੰਚਣ ਲਈ ਵੀ ਸਾਨੂੰ ਪਹਿਲਾਂ ਫੈਰੀ ਅਤੇ ਫਿਰ ਆਟੋ-ਰਿਕਸ਼ਾ ਵਿਚ ਆਉਣਾ ਪੈਂਦਾ ਹੈ। ਸਾਨੂੰ ਪਣਜੀ ਤੋਂ ਦਿੱਲੀ ਪਹੁੰਚਣ ਲਈ ਬਹੁਤ ਸਮਾਂ ਲੱਗਿਆ। ਪਣਜੀ ਤੋਂ ਅਸੀਂ ਮੁੰਬਈ, ਗਾਂਧੀਨਗਰ, ਜੈਪੁਰ ਹੁੰਦੇ ਹੋਏ ਦਿੱਲੀ ਪਹੁੰਚੇ।"

ਸਾਡੇ ਮੈਡਮ ਨੇ ਦੱਸਿਆ ਕਿ ਰੇਲਵੇ-ਲਾਈਨ ਦੀ ਮੁਰੰਮਤ ਚਲਦੀ ਹੋਣ ਕਰਕੇ ਰੇਲ ਗੱਡੀ ਦਾ ਰਸਤਾ ਬਦਲ ਦਿੱਤਾ ਗਿਆ ਸੀ। ਇਹ ਰਸਤਾ ਪੁਰਾਣੇ ਰਸਤੇ ਨਾਲੋਂ ਲੰਬਾ ਹੈ।

ਰਾਜਸਥਾਨ ਸਾਡੇ ਗੋਆ ਨਾਲੋਂ ਬਿਲਕੁਲ ਹੀ ਵੱਖਰਾ ਸੀ। ਗੋਆ ਨਾਲ ਸਮੁੰਦਰ ਲਗਦਾ ਹੈ। ਅਸੀਂ ਦੂਰ ਤੱਕ ਪਾਣੀ ਹੀ ਪਾਣੀ ਦੇਖਦੇ ਹਾਂ। ਇੱਥੇ ਦੂਰ ਦੂਰ ਤੱਕ ਰੇਤ ਹੀ ਰੇਤ ਹੈ। ਜਿਵੇਂ ਰੇਤ ਦਾ ਸਮੁੰਦਰ ਹੀ ਹੋਵੇ। ਕਦੇ ਕਦੇ ਲੋਕ ਊਠਾਂ ਦੀ ਸਵਾਰੀ ਕਰਦੇ ਨਜ਼ਰ ਆਉਂਦੇ ਸਨ। ਮੈਂ ਆਪਣੀ ਕਿਤਾਬ ਵਿੱਚ ਪੜ੍ਹਿਆ ਸੀ ਕਿ ਮਾਰੂਥਲ ਵਿੱਚ ਸਫ਼ਰ ਕਰਨ ਲਈ ਊਠ ਸਭ ਤੋਂ ਢੁੱਕਵਾਂ ਜਾਨਵਰ ਹੈ। ਇਸ ਦੇ ਚੌੜੇ ਅਤੇ ਗੱਦੇਦਾਰ ਪੈਰ ਰੇਤ ਉੱਪਰ ਤੁਰਨ ਵਿੱਚ ਇਸਦੀ ਮਦਦ ਕਰਦੇ ਹਨ। ਮਾਰੂਥਲ ਵਿੱਚ ਪਾਣੀ ਬਹੁਤ ਦੂਰ-ਦੂਰ ਹੁੰਦਾ ਹੈ। ਊਠ ਕਈ ਦਿਨ ਪਾਣੀ ਅਤੇ ਭੋਜਨ ਤੋਂ ਬਿਨਾਂ ਰਹਿ ਸਕਦਾ ਹੈ। ਜੈਪੁਰ ਰੇਲਵੇ -ਸਟੇਸ਼ਨ ਉੱਪਰ 'ਦਾਲ ਬਾਟੀ ਚੂਰਮਾ' 'ਦਾਲ ਬਾਟੀ ਚੂਰਮਾ' ਦੀ ਅਵਾਜ਼ ਆ ਰਹੀ ਸੀ। ਬਾਅਦ ਵਿਚ ਪਤਾ ਚੱਲਿਆ ਕਿ ਇਹ ਇੱਥੋਂ ਦਾ ਖਾਣਾ ਹੈ। ਇਕ ਛੋਟੀ ਲੜਕੀ ਬੜੀ ਮਿੱਠੀ ਆਵਾਜ਼ ਵਿਚ ਗਾ ਰਹੀ ਸੀ 'ਆਵੋ ਨੀ ਪਧਾਰੋ ਮ੍ਹਾਰੇ ਦੇਸ'। ਉਸਦੇ ਨਾਲ ਇਕ ਬਜ਼ੁਰਗ ਸਾਰੰਗੀ ਵਜਾ ਰਿਹਾ ਸੀ। ਮੈਨੂੰ ਲਗਦਾ ਸੀ ਉਹ ਮੇਰੀ ਹੀ ਉਮਰ ਦੀ ਹੋਵੇਗੀ। ਮੈਂ ਉਸਦੀ ਜਮਾਤ ਪੁੱਛਣਾ ਚਾਹੁੰਦੀ ਸੀ ਪਰ ਸ਼ਾਇਦ ਉਹ ਸਕੂਲ ਨਹੀਂ ਜਾਂਦੀ ਸੀ। ਉਸਦੀ ਮਿੱਠੀ ਆਵਾਜ਼ ਮੈਨੂੰ ਲੋਰੀ ਵਰਗੀ ਲੱਗੀ। ਸ਼ਾਇਦ ਇਸੇ ਲਈ ਨੀਂਦ ਆ ਗਈ। ਜੈਪੁਰ ਤੋਂ ਦਿੱਲੀ ਅਸੀਂ ਸੁੱਤੇ - ਸੁੱਤੇ ਕਦੋਂ ਪਹੁੰਚ ਗਏ ਕੁੱਝ ਪਤਾ ਹੀ ਨਹੀਂ ਲੱਗਿਆ।



*ਚਿੱਤਰ 19.3 ਮਾਰੂਥਲ ਦਾ ਦ੍ਰਿਸ਼*

ਹੇਠਾਂ ਦਿੱਤੀ ਤਸਵੀਰ ਨੂੰ ਧਿਆਨ ਨਾਲ ਦੇਖੋ :



*ਚਿੱਤਰ 19.4 ਰੇਲਵੇ ਫਾਟਕ ਦਾ ਦ੍ਰਿਸ਼*

ਪ੍ਰਸ਼ਨ 8. ਕੁੱਝ ਲੋਕ ਰੇਲਵੇ ਫਾਟਕ ਬੰਦ ਹੋਣ ਦੇ ਬਾਵਜੂਦ ਵੀ ਉਸ ਨੂੰ ਪਾਰ ਕਰਦੇ ਹਨ। ਕੀ ਅਜਿਹਾ ਕਰਨਾ ਠੀਕ ਹੈ ?

______________________________

______________________________

**ਪਾਠ - 20**

# ਜਾਣੋ ਆਪਣੀ ਕਰੰਸੀ (ਮੁਦਰਾ) ਨੂੰ

ਪ੍ਰੀਤੀ ਆਪਣੇ ਇਕੱਠੇ ਕੀਤੇ ਹੋਏ ਨੋਟਾਂ ਅਤੇ ਸਿੱਕਿਆਂ ਨੂੰ ਐਲਬਮ ਵਿੱਚ ਲਗਾਉਣ ਤੋਂ ਪਹਿਲਾਂ ਤਰਤੀਬ ਅਨੁਸਾਰ ਰੱਖ ਰਹੀ ਹੈ। ਉਸ ਨੂੰ ਬਹੁਤ ਸਾਰੇ ਨੋਟ ਅਤੇ ਸਿੱਕੇ ਉਸਦੇ ਭੂਆ ਜੀ ਦੇ ਬੇਟੇ ਮਨਦੀਪ ਨੇ ਦਿੱਤੇ ਹਨ। ਆਓ ਦੇਖੀਏ ਉਸਨੇ ਨੋਟ ਕਿਸ ਤਰ੍ਹਾਂ ਲਗਾਏ ਹਨ ?




*ਚਿੱਤਰ 20.1 ਪ੍ਰੀਤੀ ਦੀ ਐਲਬਮ ਦਾ ਇਕ ਪੰਨਾ*

ਮਨਦੀਪ ਨੂੰ ਲਗਦਾ ਹੈ ਕਿ ਪ੍ਰੀਤੀ ਅਗਰ ਆਪਣੇ ਦੇਸ਼ ਦੇ ਨੋਟਾਂ ਨੂੰ ਵੱਖ ਅਤੇ ਦੂਸਰੇ ਦੇਸ਼ਾਂ ਦੇ ਨੋਟਾਂ ਨੂੰ ਵੱਖ ਕਰਕੇ ਲਗਾਵੇ ਤਾਂ ਜ਼ਿਆਦਾ ਠੀਕ ਰਹੇਗਾ।


ਕੀ ਤੁਸੀਂ ਇਹ ਪਹਿਚਾਨਣ ਵਿੱਚ ਪ੍ਰੀਤੀ ਦੀ ਮਦਦ ਕਰੋਗੇ ਕਿ ਕਿਹੜੇ ਨੋਟ ਭਾਰਤ ਦੇ ਹਨ ਅਤੇ ਕਿਹੜੇ ਨੋਟ ਹੋਰ ਦੇਸ਼ਾਂ ਦੇ। ਉਪਰੋਕਤ ਚਿੱਤਰਾਂ ਵਿੱਚ ਉਸ ਸਥਾਨ 'ਤੇ ਨਿਸ਼ਾਨ ਲਾਓ ਜਿਸ ਤੋਂ ਉਸ ਦੇ ਦੇਸ਼ ਦਾ ਪਤਾ ਲੱਗਦਾ ਹੋਵੇ। ਮਨਦੀਪ ਨੇ ਪ੍ਰੀਤੀ ਨੂੰ ਭਾਰਤੀ ਕਰੰਸੀ ਨੋਟਾਂ ਦੀਆਂ ਕੁੱਝ ਵਿਸ਼ੇਸ਼ ਗੱਲਾਂ ਦੱਸੀਆਂ ਤਾਂ ਕਿ ਪ੍ਰੀਤੀ ਆਸਾਨੀ ਨਾਲ ਇਸ ਸਮੱਸਿਆ ਨੂੰ ਹੱਲ ਕਰ ਸਕੇ।




*ਚਿੱਤਰ 20.2 ਪੰਜ ਰੁਪਏ ਦਾ ਨੋਟ*

"ਇਹ ਨੋਟ ਪੰਜ ਰੁਪਏ ਦਾ ਹੈ। ਇਸ ਉੱਪਰ ਹਿੰਦੀ ਵਿੱਚ ਭਾਰਤੀ ਰਿਜ਼ਰਵ ਬੈਂਕ ਅਤੇ ਅੰਗਰੇਜ਼ੀ ਵਿਚ ਰਿਜ਼ਰਵ ਬੈਂਕ ਆਫ ਇੰਡੀਆਂ ਲਿਖਿਆ ਹੋਇਆ ਹੈ। ਇਸ ਨੋਟ ਦਾ ਰੰਗ ਜ਼ਿਆਦਾ ਕਰਕੇ ਹਰਾ ਹੈ। ਇਕ ਪਾਸੇ ਮਹਾਤਮਾ ਗਾਂਧੀ ਜੀ ਦੀ ਤਸਵੀਰ ਹੈ। ਦੂਜੇ ਪਾਸੇ ਟ੍ਰੈਕਟਰ ਦੀ ਤਸਵੀਰ ਬਣੀ ਹੈ। ਇਸ ਉੱਪਰ ਬਹੁਤ ਸਾਰੀਆਂ ਭਾਸ਼ਾਵਾਂ ਵਿੱਚ ਪੰਜ **ਰੁਪਏ ਲਿਖਿਆ ਹੋਇਆ ਹੈ।" ਮਨਦੀਪ ਨੇ ਪ੍ਰੀਤੀ ਨੂੰ ਕਿਹਾ।**


"ਆਓ ਹੁਣ ਦੱਸੋ ਕਿ 10 ਰੁਪਏ ਦੇ ਨੋਟ ਉੱਪਰ ਕਿੰਨੀਆਂ ਅਤੇ ਕਿਹੜੀਆਂ ਭਾਸ਼ਾਵਾਂ ਵਿੱਚ ਉਸ ਦੀ ਕੀਮਤ ਲਿਖੀ ਹੋਈ ਹੈ," ਮਨਦੀਪ ਨੇ ਅੱਗੇ ਕਿਹਾ। ਪ੍ਰੀਤੀ ਨੇ ਮੂੰਹ ਬਣਾਉਂਦਿਆਂ ਆਪਣੀ ਅਗਿਆਨਤਾ ਜ਼ਾਹਰ ਕੀਤੀ।




*ਚਿੱਤਰ 20.3 ਦਸ ਰੁਪਏ ਦਾ ਨੋਟ*

"ਚੰਗਾ, ਮੈਂ ਦੱਸਦਾਂ, ਹਿੰਦੀ ਅਤੇ ਅੰਗਰੇਜ਼ੀ ਤੋਂ ਬਿਨਾਂ ਪੰਦਰ੍ਹਾਂ ਭਾਸ਼ਾਵਾਂ ਵਿੱਚ ਇਸ ਦੀ ਕੀਮਤ ਲਿਖੀ ਹੋਈ ਹੈ ਅਰਥਾਤ ਕੁੱਲ ਸਤਾਰ੍ਹਾਂ ਭਾਸ਼ਾਵਾਂ। ਇਹਨਾਂ ਵਿਚੋਂ ਤੂੰ ਕਿਹੜੀਆਂ-ਕਿਹੜੀਆਂ ਭਾਸ਼ਾਵਾਂ ਪੜ੍ਹ ਸਕਦੀ ਹੈ," ਮਨਦੀਪ ਨੇ ਪ੍ਰੀਤੀ ਨੂੰ ਮੁਸਕਰਾਉਂਦਿਆਂ ਪੁੱਛਿਆ ?

ਹੇਠਾਂ ਪੰਜਾਹ ਰੁਪਏ ਦੇ ਨੋਟ ਦਾ ਚਿੱਤਰ ਦਿੱਤਾ ਹੈ। ਉਸ ਨੂੰ ਦੇਖ ਕੇ ਅੱਗੇ ਲਿਖੋ :-




*ਚਿੱਤਰ 20.4 ਪੰਜਾਹ ਰੁਪਏ ਦਾ ਨੋਟ*

ਪ੍ਰਸ਼ਨ 1. ਇਸ ਨੋਟ ਵਿੱਚ ਕਿੰਨੀਆਂ ਭਾਸ਼ਾਵਾਂ ਵਿੱਚ ਪੰਜਾਹ ਰੁਪਏ ਲਿਖਿਆ ਹੈ ?

______________________________

ਪ੍ਰਸ਼ਨ 2. ਇਸ ਨੋਟ ਉੱਤੇ ਕਿਸ ਇਤਿਹਾਸਿਕ ਵਿਰਾਸਤ ਦੀ ਤਸਵੀਰ ਲੱਗੀ ਹੈ ?

______________________________

ਇਹ ਚਿੱਤਰ ਸੌ ਰੁਪਏ ਦੇ ਨੋਟ ਦਾ ਹੈ। ਇਸ ਉੱਪਰ ਵੀ ਇਕ ਪਾਸੇ ਮਹਾਤਮਾ ਗਾਂਧੀ ਦੀ ਤਸਵੀਰ ਹੈ ਅਤੇ ਦੂਜੇ ਪਾਸੇ ਬਰਫ਼ ਨਾਲ਼ ਢਕੇ ਪਰਬਤ ਦਾ ਚਿੱਤਰ ਹੈ।




*ਚਿੱਤਰ 20.5 ਸੌ ਰੁਪਏ ਦਾ ਨੋਟ*

ਪਤਾ ਕਰੋ ਕਿ ਇਹਨਾਂ ਤੋਂ ਬਿਨਾਂ ਭਾਰਤ ਵਿੱਚ ਹੋਰ ਕਿਹੜੇ ਕਰੰਸੀ ਨੋਟ ਚਲਦੇ ਹਨ ?

ਕਿਰਿਆ 1: ਇਕ ਪੰਜ ਰੁਪਏ ਦੇ ਸਿੱਕੇ ਨੂੰ ਕਿਸੇ ਸਾਫ਼ ਕਾਗਜ਼ ਦੇ ਥੱਲੇ ਰੱਖ ਕੇ ਉੱਪਰ ਪੈਨਸਿਲ ਰਗੜੋ। ਕਿਹੋ ਜਿਹਾ ਲੱਗਿਆ, ਸਿੱਕੇ ਦਾ ਛਾਪਾ ? ਹੁਣ ਸਿੱਕੇ ਦੇ ਦੂਜੇ ਪਾਸੇ ਦਾ ਛਾਪਾ ਉਤਾਰੋ। ਕੀ ਦੋਵੇਂ ਪਾਸਿਆਂ ਦੇ ਛਾਪੇ ਇਸ ਤਰ੍ਹਾਂ ਦੇ ਦਿਖਦੇ ਹਨ ?



*ਚਿੱਤਰ 20.6 ਪੰਜ ਰੁਪਏ ਦਾ ਸਿੱਕਾ*

ਇਹ ਜੋ ਤਿੰਨ ਸ਼ੇਰ ਦਿਖਾਈ ਦੇ ਰਹੇ ਹਨ, ਇਹ ਭਾਰਤ ਦਾ ਰਾਸ਼ਟਰੀ ਚਿੰਨ੍ਹ ਜਾਂ ਪ੍ਰਤੀਕ ਹੈ। ਇਸ ਨੂੰ ਤ੍ਰਿਮੂਰਤੀ ਕਹਿੰਦੇ ਹਨ। ਪਤਾ ਕਰੋ ਕਿ ਇਹ ਚਿੰਨ੍ਹ ਕੇਵਲ ਸਿੱਕਿਆਂ ਉੱਪਰ ਹੀ ਹੈ ਜਾਂ ਨੋਟਾਂ ਉੱਪਰ ਵੀ ਅੰਕਿਤ ਹੈ ?

ਭਾਰਤੀ ਕਰੰਸੀ ਅਰਥਾਤ ਰੁਪਏ-ਪੈਸਿਆਂ ਲਈ ਇਕ ਵਿਸ਼ੇਸ਼ ਚਿੰਨ੍ਹ ਨਿਸ਼ਚਿਤ ਕੀਤਾ ਗਿਆ ਹੈ। ਨਵੇਂ ਨੋਟਾਂ ਅਤੇ ਸਿੱਕਿਆਂ ਉੱਪਰ ਇਹ ਚਿੰਨ੍ਹ ਅੰਕਿਤ ਹੈ।

₹

*ਚਿੱਤਰ 20.7 ਭਾਰਤੀ ਕਰੰਸੀ ਰੁਪਏ ਦਾ ਚਿੰਨ੍ਹ*

ਕਿਰਿਆ 2:ਇਸ ਨਵੇਂ ਚਿੰਨ੍ਹ ( ) ਵਾਲੇ ਕਿਹੜੇ-ਕਿਹੜੇ ਨੋਟ ਜਾਂ ਸਿੱਕੇ ਬਾਜ਼ਾਰ ਵਿੱਚ ਉਪਲੱਭਧ ਹਨ ? ਥੱਲੇ ਉਹਨਾਂ ਬਾਰੇ ਲਿਖੋ।

| | ਨੋਟ/ਸਿੱਕਾ | ਕੀਮਤ | ਰੰਗ | ਕੋਈ ਵਿਸ਼ੇਸ਼ ਗੱਲ |
|---|---|---|---|---|
| 1 | ----- | ----- | ----- | ----- |
| 2 | ----- | ----- | ----- | ----- |
| 3 | ----- | ----- | ----- | ----- |
| 4 | ----- | ----- | ----- | ----- |
| 5 | ----- | ----- | ----- | ----- |

ਸਿਮਰਨ ਦੀ ਤਰ੍ਹਾਂ ਸਿੱਕੇ ਅਤੇ ਨੋਟ ਇਕੱਠੇ ਕਰਨਾ ਬਹੁਤ ਸਾਰੇ ਲੋਕਾਂ ਦੀ ਰੁਚੀ ਹੈ। ਇਸ ਨੂੰ ਨਿਉਮਿਸਮੈਟਿਕਸ (Numismatics) ਕਹਿੰਦੇ ਹਨ। ਤੁਹਾਡੀ ਰੁਚੀ ਕੀ ਹੈ ?

ਪਾਠ 21

# ਚਾਚੇ ਦਾ ਘਰ

ਚਾਚਾ ਗੁਰਦੇਵ ਅੱਜਕੱਲ੍ਹ ਬਹੁਤ ਉਦਾਸ ਰਹਿੰਦਾ ਹੈ। ਉਸਦਾ ਇਕਲੌਤਾ ਪੁੱਤਰ ਸਤਨਾਮ ਦੁਬਈ ਚਲਿਆ ਗਿਆ ਹੈ ਪਰ ਦਸ ਸਾਲ ਹੋ ਗਏ ਹਨ ਸਤਨਾਮ ਦਾ ਕੋਈ ਅਤਾ-ਪਤਾ ਨਹੀਂ ਹੈ। ਚਾਚੀ ਵੀ ਇਸ ਦੁੱਖ ਕਾਰਨ ਬਿਮਾਰ ਰਹਿੰਦੀ ਹੈ। ਪੂਰੇ ਪਿੰਡ ਵਿਚ ਕੇਵਲ ਚਾਚੇ ਦਾ ਘਰ ਹੀ ਕੱਚਾ ਘਰ ਹੈ। ਚਾਚੇ ਨੇ ਇਸ ਘਰ ਵਿਚ ਕੱਚੀਆਂ ਇੱਟਾਂ ਕੱਢਣ ਵਾਲਾ ਸਾਂਚਾ ਬਹੁਤ ਸਾਂਭ ਕੇ ਰੱਖਿਆ ਹੋਇਆ ਹੈ। ਇਹ ਸਾਂਚਾ ਚਾਚੇ ਨੂੰ ਉਸ ਦੇ ਪਿਓ ਨੇ ਨਵਾਂ ਬਣਵਾ ਕੇ ਦਿੱਤਾ ਸੀ। ਇਸ ਨਾਲ ਚਾਚੇ ਨੇ ਸਾਰੀ ਉਮਰ ਇੱਟਾਂ ਕੱਢ ਕੇ ਪਰਿਵਾਰ ਦਾ ਪੇਟ ਭਰਿਆ ਹੈ। ਚਾਚੀ ਵੀ ਇੱਟਾਂ ਕੱਢਣ ਲਈ ਚਾਚੇ ਨਾਲ ਜਾਂਦੀ ਸੀ। ਚਾਚੇ ਦੇ ਬਚਪਨ ਵਿੱਚ ਪਿੰਡ ਦੇ ਸਾਰੇ ਘਰ ਕੱਚੇ ਹੁੰਦੇ ਸਨ। ਕੱਚਾ ਘਰ ਬਣਾਉਣ ਲਈ ਇੱਟਾਂ, ਗਾਰੇ ਆਦਿ ਦੀ ਵਰਤੋਂ ਕੀਤੀ ਜਾਂਦੀ ਹੈ।



*ਚਿੱਤਰ 21.1 ਸਾਂਚਾ*

ਇੱਟਾਂ :—

ਇੱਟਾਂ ਬਣਾਉਣ ਲਈ ਪਹਿਲਾਂ ਮਿੱਟੀ ਗੁੰਨੀ ਜਾਂਦੀ ਹੈ। ਗੁੰਨੀ ਮਿੱਟੀ ਸਾਂਚੇ ਵਿੱਚ ਭਰ ਲਈ ਜਾਂਦੀ ਹੈ। ਸਾਂਚੇ ਨੂੰ ਧਿਆਨ ਨਾਲ ਮਿੱਟੀ ਤੋਂ ਵੱਖ ਕਰ ਲਿਆ ਜਾਂਦਾ ਹੈ। ਇਸ ਤਰ੍ਹਾਂ ਕੱਚੀ ਇੱਟ ਤਿਆਰ ਹੁੰਦੀ ਹੈ। ਚਾਚੇ ਦੇ ਬਚਪਨ ਵੇਲੇ ਘਰ ਕੱਚੀਆਂ ਇੱਟਾਂ ਨਾਲ ਹੀ ਤਿਆਰ ਕੀਤੇ ਜਾਂਦੇ ਸਨ। ਪਰ ਅੱਜਕੱਲ੍ਹ ਕੱਚੀਆਂ ਇੱਟਾਂ ਨੂੰ ਭੱਠਿਆਂ ਵਿੱਚ ਤੇਜ਼ ਅੱਗ ਨਾਲ ਪਕਾ ਲਿਆ ਜਾਂਦਾ ਹੈ। ਭੱਠਿਆਂ ਵਿੱਚੋਂ ਨਿਕਲਦਾ ਧੂੰਆਂ ਹਵਾ ਨੂੰ ਗੰਦਾ ਕਰ ਰਿਹਾ ਹੈ।



ਚਿੱਤਰ 21.2 ਕੱਚੀਆਂ ਇੱਟਾਂ ਬਣਾਉਂਦੇ ਹੋਏ

ਆਪਣੇ ਅਧਿਆਪਕ ਤੋਂ ਪੁੱਛੋ ਅਤੇ ਲਿਖੋ।

ਪ੍ਰਸ਼ਨ 1. ਭੱਠਿਆਂ ਤੋਂ ਇਲਾਵਾ ਹੋਰ ਕਿਹੜੇ-ਕਿਹੜੇ ਕਾਰਨਾਂ ਕਰਕੇ ਹਵਾ ਗੰਦੀ ਹੋ ਰਹੀ ਹੈ ?

________________________________________

________________________________________

________________________________________

________________________________________

________________________________________

ਗੰਦੀ ਹਵਾ ਨੂੰ ਸਾਫ ਕਰਨ ਲਈ ਅਸੀਂ ਕੀ ਕਰ ਸਕਦੇ ਹਾਂ ?

ਗੰਦੀ ਹਵਾ ਨੂੰ ਸਾਫ ਕਰਨ ਲਈ ਸਾਨੂੰ ਵੱਧ ਤੋਂ ਵੱਧ ਪੌਦੇ ਲਗਾਉਣੇ ਚਾਹੀਦੇ ਹਨ ਅਤੇ ਉਹਨਾਂ ਦੀ ਦੇਖਭਾਲ ਕਰਨੀ ਚਾਹੀਦੀ ਹੈ। ਤੁਸੀਂ ਕਿਹੜਾ ਪੌਦਾ ਲਗਾਉਗੇ ਉਸਦਾ ਨਾਮ ਲਿਖੋ।

ਪੌਦੇ ਦਾ ਨਾਮ : ________________________________



ਚਿੱਤਰ 21.3 ਕੁਝ ਰੁੱਖ


## ਕਿਰਿਆ 1.: ਆਉ ਖੇਡੀਏ

1. ਖਾਲੀ ਤੀਲੀ ਵਾਲੀ ਡੱਬੀ ਲਵੋ।



1

2. ਜਿਸ ਹਿੱਸੇ ਵਿੱਚ ਤੀਲਾਂ ਹੁੰਦੀਆਂ ਹਨ। ਉਸ ਨੂੰ ਖਾਲੀ ਕਰ ਲਵੋ।



2

3. ਉਸ ਦਾ ਤਲ ਧਿਆਨ ਨਾਲ ਬਾਹਰ ਕੱਢ ਦਿਓ।



3

4. ਮਿੱਟੀ ਗੁੰਨ ਲਵੋ।



4

5. ਆਪਣੇ ਸਾਂਚੇ ਵਿੱਚ ਮਿੱਟੀ ਭਰੋ ਅਤੇ ਬਾਹਰ ਥੱਪ ਦਿਓ।
ਇਸ ਨੂੰ ਧੁੱਪ ਵਿੱਚ ਸੁੱਕਣ ਦੇਵੋ।



5

6. ਇਸ ਤਰ੍ਹਾਂ ਅਨੇਕਾਂ ਇੱਟਾਂ ਬਣਾਓ।



6

7.     ਮਿੱਟੀ ਦੀ ਸਹਾਇਤਾ ਨਾਲ ਇੱਟਾਂ ਜੋੜ ਕੇ ਕੋਈ ਇਮਾਰਤ ਤਿਆਰ ਕਰੋ



7

*ਚਿੱਤਰ 21.4 (1,2,3,4,5,6,7) ਇੱਟਾਂ ਬਣਾਉਂਦੇ ਹੋਏ*

### ਗਾਰਾ :-

ਤੁਸੀਂ ਦੇਖਿਆ ਹੋਵੇਗਾ ਕਿ ਪੱਕੀਆਂ ਇੱਟਾਂ ਦੀ ਚਿਣਾਈ ਸੀਮਿੰਟ ਨਾਲ ਕੀਤੀ ਜਾਂਦੀ ਹੈ ਲਿਪਾਈ (ਪਲੱਸਤਰ) ਕਰਨ ਲਈ ਵੀ ਸੀਮਿੰਟ ਵਰਤਿਆ ਜਾਂਦਾ ਹੈ। ਪਰ ਕੱਚੇ ਘਰ ਬਣਾਉਣ ਲਈ ਸੀਮਿੰਟ ਦੀ ਥਾਂ ਗਾਰਾ ਵਰਤਿਆ ਜਾਂਦਾ ਹੈ। ਗਾਰਾ ਧਰਤੀ ਵਿਚੋਂ ਕੱਢੀ ਗਈ ਮਿੱਟੀ ਤੋਂ ਤਿਆਰ ਕੀਤਾ ਜਾਂਦਾ ਹੈ। ਮਿੱਟੀ ਨੂੰ ਭਿਓਂ ਕੇ ਪੈਰਾਂ ਨਾਲ ਗੁੰਨ ਕੇ ਮੁਲਾਇਮ ਕਰ ਲਿਆ ਜਾਂਦਾ ਹੈ। ਕੰਧਾਂ ਅਤੇ ਛੱਤਾਂ ਦੀ ਮਜ਼ਬੂਤੀ ਲਈ ਗਾਰੇ ਨਾਲ ਹੀ ਲਿਪਾਈ ਕੀਤੀ ਜਾਂਦੀ ਹੈ।



*ਚਿੱਤਰ 21.5 ਗਾਰਾ ਤਿਆਰ ਕਰਦੇ ਹੋਏ*

ਅੱਜ ਸਵੇਰ ਤੋਂ ਵਰਖਾ ਹੋ ਰਹੀ ਸੀ। ਚਾਚੇ ਗੁਰਦੇਵ ਦੇ ਘਰ ਵੱਲ ਉੱਚੀ-ਉੱਚੀ ਰੌਲਾ ਪੈਣ ਲੱਗ ਪਿਆ। ਪਤਾ ਲੱਗਿਆ ਕਿ ਵਰਖਾ ਕਾਰਨ ਚਾਚੇ ਦਾ ਕੱਚਾ ਕਮਰਾ ਢਹਿ ਗਿਆ। ਸਰਪੰਚ ਅਤੇ ਬਹੁਤ ਸਾਰੇ ਲੋਕ ਇਕੱਠੇ ਹੋ ਗਏ। ਚਾਚੇ ਦੀਆਂ ਹੰਝੂਆਂ ਨਾਲ ਭਰੀਆਂ ਅੱਖਾਂ ਦੇਖਕੇ ਕਈ ਲੋਕਾਂ ਦੀਆਂ ਅੱਖਾਂ ਵਿੱਚ ਪਾਣੀ ਆ ਗਿਆ। ਸਰਪੰਚ ਅਤੇ ਬਾਕੀ ਲੋਕਾਂ ਨੇ ਇੱਕ ਬਹੁਤ ਹੀ ਵਧੀਆ ਫੈਸਲਾ ਕੀਤਾ। ਸਰਪੰਚ ਨੇ ਕਿਹਾ ਕਿ ਸਾਰੇ ਪਿੰਡ ਵਿੱਚੋਂ ਪੈਸੇ ਇਕੱਠੇ ਕਰ ਕੇ

ਚਾਚੇ ਨੂੰ ਵੀ ਪੱਕਾ ਘਰ ਬਣਵਾ ਕੇ ਦੇਵਾਂਗੇ। ਸਰਪੰਚ ਨੇ ਉਸ ਵੇਲੇ ਪੰਜ ਹਜ਼ਾਰ ਰੁਪਏ ਆਪਣੇ ਕੋਲੋਂ ਦੇ ਦਿੱਤੇ। ਦੇਖਾ-ਦੇਖੀ ਕਾਫੀ ਪੈਸੇ ਇਕੱਠੇ ਹੋ ਗਏ।

ਚਾਚੇ ਦਾ ਘਰ ਬਣਨਾ ਸ਼ੁਰੂ ਹੋ ਗਿਆ। ਪੱਕੀਆਂ ਇੱਟਾਂ ਦੀ ਟਰਾਲੀ ਪਹੁੰਚ ਗਈ। ਦੂਸਰੀ ਟਰਾਲੀ ਵਿੱਚ ਸੀਮਿੰਟ ਦੀਆਂ ਬੋਰੀਆਂ, ਸਰੀਆ, ਸੀਮਿੰਟ ਵਿੱਚ ਪੈਣ ਵਾਲਾ ਰੇਤ ਅਤੇ ਬੱਜਰੀ ਆ ਗਈ ਰਾਜ ਮਿਸਤਰੀ (ਉਸਾਰੀ ਵਾਲੇ ਮਿਸਤਰੀ), ਮਜ਼ਦੂਰਾਂ, ਤਰਖਾਣ, ਪਲੰਬਰ ਅਤੇ ਬਿਜਲੀ ਫਿੰਟਿੰਗ ਦਾ ਕੰਮ ਕਰਨ ਵਾਲਿਆਂ ਸਭ ਨੇ ਮੁਫ਼ਤ ਕੰਮ ਕੀਤਾ।



*ਚਿੱਤਰ 21.6 ਪੱਕਾ ਘਰ ਬਣਦੇ ਹੋਏ*

ਹੇਠਾਂ ਦਿੱਤੇ ਚਿੱਤਰਾਂ ਵਿੱਚ ਕਾਰੀਗਰਾਂ ਵੱਲੋਂ ਆਪਣਾ ਆਪਣਾ ਕੰਮ ਕਰਨ ਲਈ ਵਰਤੇ ਗਏ ਸੰਦ ਅਤੇ ਉਨਾਂ ਦੇ ਨਾਮ ਦਿੱਤੇ ਗਏ ਹਨ। ਚਿੱਤਰ ਦੇ ਨਾਲ ਦਿੱਤੀ ਗਈ ਖਾਲੀ ਥਾਂ ਵਿੱਚ ਸੰਦਾਂ ਦੇ ਨਾਮ ਲਿਖੋ।


ੳ ਲੱਕੜ ਦਾ ਕੰਮ ਕਰਨ ਵਾਲੇ ਮਿਸਤਰੀ ਦੇ ਔਜ਼ਾਰ



ਆਰੀ



ਹਥੌੜੀ



ਰੰਦਾ



ਮਾਪਣ-ਫੀਤਾ

1 ........................

2 ........................

3 ........................

4 ........................

ਅ.

ੲ.




*ਚਿੱਤਰ 21.7 (ੳ,ਅ,ੲ) ਕਾਰੀਗਰ ਅਤੇ ਉਹਨਾਂ ਦੇ ਔਜ਼ਾਰ*

ਪ੍ਰਸ਼ਨ 2. ਆਪਣੇ ਬਜ਼ੁਰਗਾਂ ਜਾਂ ਮਾਤਾ-ਪਿਤਾ ਨੂੰ ਪੁੱਛੋ ਕਿ ਉਨ੍ਹਾਂ ਨੇ ਘਰ ਬਣਾਉਣ ਲਈ ਕਿੰਨੇ ਰੁਪਏ ਖਰਚੇ ਸਨ ?

___

ਪ੍ਰਸ਼ਨ 3. ਪੱਕਾ ਘਰ ਬਣਾਉਣ ਲਈ ਵਰਤੇ ਜਾਂਦੇ ਸਮਾਨ ਦੀ ਸੂਚੀ ਬਣਾਉ।

___

___

ਪ੍ਰਸ਼ਨ 4. ਆਪਣੇ ਪਰਿਵਾਰਿਕ ਮੈਂਬਰਾਂ ਤੋਂ ਪੁੱਛੋ ਕਿ ਉਨ੍ਹਾਂ ਨੇ ਘਰ ਬਣਾਉਣ ਲਈ ਕਿਹੜੇ-ਕਿਹੜੇ ਸਮਾਨ ਦੀ ਵਰਤੋਂ ਕੀਤੀ ਸੀ।

___

___

ਪ੍ਰਸ਼ਨ 5. ਕੀ ਤੁਹਾਡੇ ਪਿੰਡ/ਮੁਹੱਲੇ ਵਿੱਚ ਕੋਈ ਸਾਂਝਾ ਕੰਮ ਹੋਇਆ ਹੈ ? ਵੇਰਵਾ ਲਿਖੋ।

_______________________________________________

_______________________________________________

_______________________________________________

_______________________________________________

ਪ੍ਰਸ਼ਨ 6. ਪਰਿਵਾਰਕ ਮੈਂਬਰਾਂ ਨੂੰ ਪੁੱਛੋ ਕਿ ਗਰਮੀ ਦੇ ਮੌਸਮ ਵਿੱਚ ਕੱਚੇ ਘਰ ਜਾਂ ਪੱਕੇ ਘਰ ਵਿੱਚੋਂ ਕਿਹੜਾ ਵੱਧ ਠੰਢਾ ਰਹਿੰਦਾ ਹੈ ?

_______________________________________________

ਅਗਲੀ ਸਵੇਰ ਜਿਵੇਂ ਚਾਚੇ-ਚਾਚੀ ਲਈ ਖੁਸ਼ੀਆਂ ਹੀ ਖੁਸ਼ੀਆਂ ਲੈ ਆਈ। ਦਿਨ ਚੜ੍ਹਦਿਆ ਉਨ੍ਹਾਂ ਦਾ ਪੁੱਤਰ ਸਤਨਾਮ ਘਰ ਦੇ ਬਾਹਰ ਖੜ੍ਹਾ ਸੀ। ਪੂਰਾ ਪਿੰਡ ਸਤਨਾਮ ਦੀ ਵਾਪਸੀ ਕਾਰਨ ਖੁਸ਼ ਅਤੇ ਹੈਰਾਨ ਸੀ। ਸਤਨਾਮ ਨੇ ਦੱਸਿਆ ਕਿ ਉਹ ਦੁਬਈ ਤਾਂ ਗਿਆ ਹੀ ਨਹੀਂ। ਦਿੱਲੀ ਵਿੱਚ ਹੀ ਉਸ ਨਾਲ ਠੱਗੀ ਹੋ ਗਈ। ਵਿਦੇਸ਼ ਭੇਜਣ ਵਾਲਾ ਆਦਮੀ ਉਸਦਾ ਸਾਰਾ ਸਾਮਾਨ ਲੈ ਕੇ ਉਸਨੂੰ ਦਿੱਲੀ ਛੱਡ ਗਿਆ। ਸਤਨਾਮ ਚਾਚੇ ਤੋਂ ਡਰਦਾ ਘਰ ਨਾ ਮੁੜਿਆ। ਉਸ ਨੇ ਦੱਸਿਆ ਕਿ ਉਹ ਦਿੱਲੀ ਵਿੱਚ ਮਜ਼ਦੂਰੀ ਕਰਨ ਲੱਗ ਪਿਆ। ਹੁਣ ਉਹ ਰਾਜ ਮਿਸਤਰੀ ਬਣ ਚੁੱਕਾ ਹੈ। ਉਹ ਵੱਡੀਆਂ ਵੱਡੀਆਂ-ਇਮਾਰਤਾਂ ਬਣਾਉਂਦਾ ਹੈ। ਸਤਨਾਮ ਨੇ ਦੱਸਿਆ ਕਿ ਅੱਜਕੱਲ੍ਹ ਵੱਡੀਆਂ-ਵੱਡੀਆਂ ਇਮਾਰਤਾਂ ਬਣਾਉਣ ਲਈ ਕੱਚ ਦੇ ਵੱਖ-ਵੱਖ ਸ਼ਕਲਾਂ ਅਤੇ ਰੰਗਾਂ ਵਾਲੇ ਟੁਕੜੇ (ਸ਼ੀਸ਼ੇ) ਬਹੁਤ ਵਰਤੇ ਜਾਂਦੇ ਹਨ। ਖਿੜ੍ਹਕੀਆਂ ਅਤੇ ਦਰਵਾਜ਼ੇ ਲੱਕੜ ਦੇ ਨਾਲ ਨਾਲ ਲੋਹੇ ਅਤੇ ਐਲੂਮੀਨੀਅਮ ਤੋਂ ਵੀ ਬਣਾਏ ਜਾਂਦੇ ਹਨ। ਉਸਨੇ ਜਿਹੜੀਆਂ-ਜਿਹੜੀਆਂ ਇਮਾਰਤਾਂ ਬਣਾਉਣ ਲਈ ਕੰਮ ਕੀਤਾ ਸੀ ਉਹਨਾਂ ਦੀਆਂ ਕੁੱਝ ਫੋਟੋਆਂ ਦਿਖਾਈਆਂ।



*ਚਿੱਤਰ 21.8 ਵੱਡੀਆਂ ਇਮਾਰਤਾਂ*

ਸਤਨਾਮ ਜਿਹੜੀਆਂ ਫੋਟੋ ਦਿਖਾ ਰਿਹਾ ਸੀ, ਉਸ ਵਿੱਚੋਂ ਇੱਕ ਫੋਟੋ ਦੇਖ ਕੇ ਸਮਝ ਨਹੀਂ ਆ ਰਹੀ ਸੀ ਕਿ ਇਹ ਕਿਸ ਤਰ੍ਹਾਂ ਦੀ ਇਮਾਰਤ ਹੈ। ਇਸ ਲਈ ਸਤਨਾਮ ਨੇ ਦੱਸਿਆ ਕਿ ਇਹ ਪੁਲ ਹੈ। ਇਸਨੂੰ ਓਵਰ ਬ੍ਰਿਜ ਜਾਂ ਫਲਾਈ ਓਵਰ ਵੀ ਕਹਿੰਦੇ ਹਨ।



*ਚਿੱਤਰ 21.9 ਫਲਾਈ ਓਵਰ*

ਵੱਡੇ ਸ਼ਹਿਰਾਂ ਵਿੱਚ ਆਵਾਜਾਈ ਦੇ ਸਾਧਨਾਂ ਦੀ ਵੱਧਦੀ ਭੀੜ ਨੂੰ ਨਿਯਮਤ ਕਰਨ ਲਈ ਅਜਿਹੇ ਪੁਲ ਬਣਾਏ ਜਾਂਦੇ ਹਨ।

ਪ੍ਰਸ਼ਨ 7. ਜਿਹੜੇ-ਜਿਹੜੇ ਪੁਲ ਤੁਸੀਂ ਖੁਦ ਦੇਖੇ ਹਨ। ਉਨ੍ਹਾਂ ਦੇ ਸਥਾਨ ਜਾਂ ਨਾਮ ਲਿਖੋ।

________________________________________

ਪ੍ਰਸ਼ਨ 8. ਪੁਲ ਬਣਾਉਣ ਦੀ ਜ਼ਰੂਰਤ ਕਿਉਂ ਪੈਂਦੀ ਹੈ ?

________________________________________

________________________________________

ਸਤਨਾਮ ਨੇ ਸਾਰੇ ਪਿੰਡ ਵਾਸੀਆਂ ਦਾ ਧੰਨਵਾਦ ਕੀਤਾ। ਉਸਨੇ ਆਪਣੇ ਪਿਤਾ ਜੀ ਨੂੰ ਦੱਸਿਆ ਕਿ ਕੁੱਝ ਰੁਪਏ ਉਸਨੇ ਜੋੜੇ ਹਨ। ਆਪਾਂ ਆਪਣੇ ਘਰ ਰਸੋਈ ਅਤੇ ਪਖਾਨਾ ਵੀ ਬਣਾਵਾਂਗੇ। ਸਤਨਾਮ ਨੇ ਖੁਦ ਕੰਮ ਕਰਨਾ ਸ਼ੁਰੂ ਕੀਤਾ। ਉਸਨੇ ਰਸੋਈ ਅਤੇ ਪਖਾਨੇ ਵਿੱਚ ਖੂਬਸੂਰਤ ਕੰਧ ਟਾਈਲਾਂ ਲਗਵਾਈਆਂ। ਪਾਣੀ ਦੇ ਪ੍ਰਬੰਧ ਲਈ ਟੂਟੀਆਂ ਵੀ ਲਗਵਾਈਆਂ। ਸਤਨਾਮ ਨੇ ਕਮਰਿਆਂ ਵਿੱਚ ਪੱਥਰ ਦੇ ਟੁਕੜਿਆਂ ਦੀ ਫਰਸ਼ ਵੀ ਲਗਵਾਈ।